# ਕੁਝ ਪੰਨੇ 1947 ਤੋਂ

## ਭਾਗ ਪਹਿਲਾ

## ਅਰਸ਼ਾਂ ਤੋਂ ਫ਼ਰਸ਼ਾਂ ਤੱਕ ਦਾ ਸਫ਼ਰ

ਅਸੀਂ ਤਾਂ ਵੀ ਕੁਝ ਸੀ ਕਿਹਾ ਨਾ,

ਜਦ ਰੋਣ ਤੋਂ ਪਹਿਲਾਂ ਹੱਸੇ ਸੀ,

ਉਜਾੜੇ ਪਹਿਲਾਂ ਵੱਸੇ ਸੀ।

ਖਸਤਾ ਕੰਧਾਂ 'ਤੇ ਮੀਂਹ ਵਰ੍ਹਿਆ ਤੇ,

ਸਾਥ ਬਨੇਰਿਆਂ ਦਾ ਵੀ ਰਿਹਾ ਨਾ।

ਅਸੀਂ ਤਾਂ ਵੀ ਕੁਝ ਸੀ ਕਿਹਾ ਨਾ।

ਜਦੋਂ ਹੰਢੀ ਵਰਤੀ ਸਾਰੀ ਪੂੰਜੀ,

ਹਰ ਬੂਟਾ ਸੁੱਕਿਆ ਬਾਗਾਂ ਦਾ।

ਮੁੜ ਮੁੜ ਅਪਣਿਆਂ ਨੂੰ ਟੋਲ ਰਹੇ ਹਾਂ,

ਨਿਸ਼ਾਨ ਨਾ ਮਿਟਦਾ ਜਿਸਮ ਤੇ ਦਾਗਾਂ ਦਾ।

ਅੱਜ ਰਿਸ਼ਤੇ ਵਿੱਚ ਕੁਝ ਤਸਵੀਰਾਂ ਨੇ,

ਖਾਲੀ ਕੰਧਾਂ 'ਤੇ ਟੰਗੀਆਂ ਲੀਰਾਂ ਨੇ।

ਚੈਨ ਅੱਜ ਤੱਕ ਦਿਲ ਨੂੰ ਪਿਆ ਨਾ।

ਅਸੀਂ ਤਾਂ ਵੀ ਕੁਝ ਸੀ ਕਿਹਾ ਨਾ ।

ਕਹਾਣੀ:

ਸੰਨ 1947,

ਮੈਂ ਗੀਤਾਂਜਲੀ, ਆਪਣੀ ਕਹਾਣੀ ਸ਼ੁਰੂ ਤੋਂ ਦੱਸਣਾ ਚਾਹੁੰਦੀ ਹਾਂ। ਮੇਰਾ ਪੂਰਾ ਨਾਮ ਗੀਤਾਂਜਲੀ ਹੈ, ਪਰ ਬਚਪਨ ਤੋਂ ਹੀ ਸਾਰੇ ਮੈਨੂੰ ਗੀਤਾ ਕਹਿ ਕੇ ਬੁਲਾਉਂਦੇ ਸਨ। ਘਰ ਵਿੱਚ ਮੈਂ ਆਪਣੇ ਭੈਣ-ਭਰਾਵਾਂ ਵਿੱਚੋਂ ਸਭ ਤੋਂ ਛੋਟੀ ਸੀ। ਮੇਰੇ ਦੋ ਵੱਡੇ ਭਰਾ ਸਨ ਅਤੇ ਇੱਕ ਵੱਡੀ ਭੈਣ ਲਾਜਵੰਤੀ ਸੀ, ਜੋ ਅਬੋਹਰ ਵਿਆਹੀ ਹੋਈ ਸੀ। ਘਰ ਵਿੱਚ ਮੇਰੇ ਦਾਦਾ ਜੀ, ਰਾਮ ਚੰਦ, ਵੀ ਸਨ। ਮੇਰਾ ਇਹ ਨਾਮ "ਗੀਤਾ" ਮੇਰੇ ਪਿਤਾ ਰਮੇਸ਼ ਚੰਦ ਜੀ ਨੂੰ ਪਸੰਦ ਸੀ, ਅਤੇ ਇਹੀ ਨਾਮ ਮੇਰਾ ਅਸਲੀ ਨਾਮ ਬਣ ਗਿਆ। ਹੁਣ ਤੱਕ ਸਭ ਦੇ ਮੂੰਹ 'ਤੇ ਇਹੀ ਨਾਮ ਚੜ੍ਹਿਆ ਹੋਇਆ ਹੈ। ਮੇਰਾ ਘਰ ਰਾਵਲਪਿੰਡੀ ਵਿੱਚ ਸੀ, ਜਿੱਥੇ ਉਸ ਸਮੇਂ ਜ਼ਿਆਦਾ ਆਬਾਦੀ ਨਹੀਂ ਸੀ ਹੁੰਦੀ ਅਤੇ ਸਾਡੇ ਇਲਾਕੇ

ਵਿੱਚ ਜ਼ਿਆਦਾਤਰ ਕਿਸਾਨ ਅਤੇ ਵਪਾਰੀ ਹੀ ਰਹਿੰਦੇ ਸਨ। ਉਸ ਸਮੇਂ ਪਿੰਡ ਵਿੱਚ ਕੋਈ ਸਕੂਲ ਨਹੀਂ ਸੀ, ਸਿਰਫ਼ ਇੱਕ ਬਜ਼ੁਰਗ ਮੌਲਵੀ ਜੀ ਸਨ, ਜਿਨ੍ਹਾਂ ਤੋਂ ਸਾਡੇ ਵਰਗੇ ਥੋੜ੍ਹਾ-ਬਹੁਤ ਗਿਆਨ ਲੈ ਲੈਂਦੇ ਸਨ। ਇਸ ਲਈ ਮੇਰੇ ਹਿੱਸੇ ਬਹੁਤ ਜ਼ਿਆਦਾ ਨਹੀਂ, ਬੱਸ ਗੁਜ਼ਾਰੇ ਜੋਗੀ ਪੜ੍ਹਾਈ ਹੀ ਆਈ। ਉਨ੍ਹਾਂ ਵੇਲਿਆਂ ਵਿੱਚ ਕੁੜੀ ਨੂੰ ਕੋਈ ਪੜ੍ਹਾਉਂਦਾ ਹੀ ਨਹੀਂ ਸੀ। ਪਿੰਡ ਵਿੱਚ ਸਕੂਲ ਨਹੀਂ ਸੀ ਅਤੇ ਨਾ ਹੀ ਸ਼ਹਿਰ ਜਾਣ ਦੇ ਸਾਧਨ, ਉੱਤੋਂ ਇਹ ਸੋਚ ਵੀ ਸੀ ਕਿ ਸਾਡੇ ਵਰਗੀਆਂ ਕੁੜੀਆਂ ਪੜ੍ਹ ਕੇ ਕੀ ਕਰਨਗੀਆਂ, ਅਸੀਂ ਤਾਂ ਘਰ ਹੀ ਸੰਭਾਲਣਾ ਹੈ। ਪਰ ਫਿਰ ਵੀ, ਮੇਰੇ ਪਿਤਾ ਇਲਾਕੇ ਦੇ ਇੱਕ ਵਪਾਰੀ ਸਨ, ਇਸ ਲਈ ਗੁਜ਼ਾਰੇ ਜੋਗਾ ਹਿਸਾਬ ਕਿਤਾਬ ਮੈਂ ਵੀ ਸਿੱਖ ਲਿਆ ਸੀ। ਥੋੜ੍ਹੀ ਜਿਹੀ ਪੁਸ਼ਤੈਨੀ ਜ਼ਮੀਨ ਵੀ ਸਾਡੇ ਹਿੱਸੇ ਆਉਂਦੀ ਸੀ। ਜਦੋਂ ਮੇਰੇ ਪਿਤਾ ਜੀ ਹਿਸਾਬ ਕਿਤਾਬ ਕਰਦੇ, ਉਹ ਮੈਨੂੰ ਆਪਣੇ ਨਾਲ ਬਿਠਾ ਲੈਂਦੇ। ਭਾਵੇਂ ਮੇਰੀ ਮਾਂ ਬਿਲਕੁਲ ਅਨਪੜ੍ਹ ਸੀ, ਪਰ ਘਰ ਦੇ ਹਰ ਕੰਮ ਵਿੱਚ ਉਨ੍ਹਾਂ ਨੂੰ ਮੁਹਾਰਤ ਹਾਸਲ ਸੀ। ਹਿਸਾਬ ਤੋਂ ਇਲਾਵਾ, ਮੈਂ ਵੀ ਉਨ੍ਹਾਂ ਵਾਂਗ ਹਰ ਕੰਮ ਵਿੱਚ ਹੁਸ਼ਿਆਰ ਸੀ। ਖੇਸ ਬਣਾਉਣੇ, ਦਰੀਆਂ ਬੁਣਨੀਆਂ ਅਤੇ ਕਢਾਈ ਸਿਲਾਈ ਦੇ ਕੰਮ ਮੈਂ ਜਲਦੀ ਹੀ ਕਰਨ ਲੱਗੀ ਸੀ। ਮੁਹੱਲੇ ਦੀਆਂ ਸਾਰੀਆਂ ਕੁੜੀਆਂ ਮੇਰੀ ਮਾਂ ਤੋਂ ਸਿੱਖਣ ਆਉਂਦੀਆਂ। ਮੇਰੀ ਮਾਂ ਕਿਸੇ ਨੂੰ ਮਨ੍ਹਾ ਨਹੀਂ ਸੀ ਕਰਦੀ, ਉਨ੍ਹਾਂ ਦਾ ਸੁਭਾਅ ਬਹੁਤ ਹੀ ਨਿੱਘਾ ਸੀ। ਉਨ੍ਹਾਂ ਨਾਲ ਗੱਲਾਂ ਕਰਦੀ ਮੈਂ ਵੀ ਕੁਝ ਨਾ ਕੁਝ ਕਰਦੀ ਰਹਿੰਦੀ ਅਤੇ ਕਢਾਈ ਵਿੱਚ ਮੈਂ ਸੋਹਣੀ ਮੁਹਾਰਤ ਹਾਸਲ ਕਰ ਲਈ ਸੀ। ਆਪਣੇ ਦਾਜ ਵਰੀ ਦਾ ਸਾਰਾ ਸਮਾਨ ਤਿਆਰ ਕਰਦੇ ਹੋਏ ਮੈਂ ਆਪਣੀ ਮਾਂ ਦਾ ਹੱਥ ਵਟਾਇਆ ਕਰਦੀ।

ਸਾਡੇ ਘਰ ਦੇ ਨਾਲ ਹੀ ਰਿਜ਼ਵਾਨ ਚੌਧਰੀ (ਮੇਰੇ ਮੂੰਹ ਬੋਲੇ ਚਾਚਾ ਜੀ) ਦਾ ਘਰ ਸੀ। ਉਨ੍ਹਾਂ ਦੀ ਮੇਰੇ ਬਾਪੂ ਜੀ ਨਾਲ ਬਚਪਨ ਤੋਂ ਹੀ ਨੇੜਤਾ ਰਹੀ ਸੀ। ਉਨ੍ਹਾਂ ਦੀ ਕੁੜੀ "ਜੈਨਬ" ਮੇਰੇ ਹਾਣ ਦੀ ਸੀ ਅਤੇ ਮੈਨੂੰ ਯਾਦ ਹੈ, ਅਸੀਂ ਗੀਟੇ ਖੇਡਦੀਆਂ ਜਾਂ ਫਿਰ ਕੋਈ ਸ਼ਰਾਰਤ ਕਰਦੀਆਂ ਤਾਂ ਚਾਚਾ ਕਹਿ ਦਿੰਦੇ, "ਨੀ ਮਰਜਾਣੀਓ! ਤੁਹਾਨੂੰ ਠੇਡਾ ਵੱਜਣਾ ਈ! ਤੁਸੀਂ ਜਾ ਡਿੱਗਣਾ, ਚਲੋ ਘਰੇ! ਆਪਣੀਆਂ ਮਾਵਾਂ ਕੋਲ, ਕਿਉਂ ਗੀਟੇ ਭੰਨਣ ਲੱਗੀਆਂ ਓ।"

ਅਸੀਂ ਫਿਰ ਭੱਜਦੀਆਂ ਘਰ ਆ ਵੜਦੀਆਂ ਅਤੇ ਕੋਈ ਕੰਮ ਕਰ ਲੈਂਦੀਆਂ। ਸਾਡਾ ਬਚਪਨ ਬਹੁਤ ਵਧੀਆ ਸੀ, ਅਤੇ ਇਨ੍ਹਾਂ ਹਾਸੇ ਖੇਡਿਆਂ ਵਿੱਚ ਕਦੋਂ ਬਚਪਨ ਲੰਘ ਗਿਆ, ਮੈਨੂੰ ਪਤਾ ਹੀ ਨਾ ਲੱਗਿਆ। ਚੁੱਲ੍ਹੇ ਚੌਂਕੇ ਦਾ ਕੰਮ ਮੈਂ ਬਾਅਦ ਵਿੱਚ ਸਿੱਖਿਆ, ਜਦੋਂ ਮੈਂ 15 ਸਾਲਾਂ ਦੀ ਹੋਈ। ਫਿਰ ਜਦੋਂ ਮਾਂ ਆਪਣੇ ਪੇਕੇ ਜਾਂਦੀ, ਸਾਰਾ ਘਰ ਮੈਂ ਆਪ ਸੰਭਾਲ ਲੈਂਦੀ ਸੀ। ਮਾਂ ਨੂੰ ਹੁਣ ਮੇਰੇ ਵੱਲੋਂ ਬੇਫ਼ਿਕਰੀ ਸੀ। ਉਹ ਵੀ ਕਹਿੰਦੀ ਸੀ, "ਚੱਲ! ਹੁਣ ਸਹੁਰੇ ਜਾ ਕੇ ਰਚ ਮਿਚ ਜਾਣਾ ਤੂੰ, ਘਰ ਗ੍ਰਹਿਸਤੀ ਸੰਭਾਲਣ ਜੋਗੀ ਹੋ ਗਈ ਅਤੇ ਸਮਝਦਾਰ ਵੀ। ਕੁੜੀ ਸਹੁਰੇ ਕੰਮ ਦੇ ਜ਼ੋਰ ਨਾਲ ਵੱਸਦੀ ਆ, ਸਮਝ ਗਈ!" ਮੇਰਾ ਦਾਦਾ ਸਾਨੂੰ ਬਹੁਤ ਲਾਡ ਕਰਦਾ ਸੀ, ਜਦੋਂ ਵੀ ਕਿਤੇ ਲਾਗੇ ਮੇਲਾ ਲੱਗਣਾ, ਮੈਨੂੰ ਕੁੱਛੜ ਚੁੱਕ ਕੇ ਵਿਖਾਉਣ ਲਈ ਲੈ ਜਾਂਦਾ ਸੀ। ਉਹ ਕਾਫ਼ੀ ਪੜ੍ਹਿਆ ਲਿਖਿਆ ਲੱਗਦਾ ਸੀ ਅਤੇ ਇਸ ਉਮਰ ਵਿੱਚ ਵੀ ਪੂਰਾ ਹਿਸਾਬੀ ਕਿਤਾਬੀ ਸੀ। ਮੇਰੇ ਵਿਆਹ ਲਈ ਉਹ ਵੀ ਪੈਸਾ ਧੇਲਾ ਸਾਰਾ ਕੁਝ ਜੋੜੀ ਬੈਠਾ ਸੀ, ਬੱਸ ਹੁਣ ਮੁੰਡਾ ਲੱਭਣ ਦੀ ਦੇਰ ਸੀ।

ਮੇਰਾ ਵਿਆਹ ਉਸ ਸਮੇਂ ਹੋਇਆ ਜਦੋਂ ਮੈਂ ਮਹਿਜ਼ 16 ਸਾਲਾਂ ਦੀ ਸੀ। ਮੇਰੇ ਮਾਮਾ ਜੀ ਨੇ ਇਸ ਰਿਸ਼ਤੇ ਬਾਰੇ ਦੱਸਿਆ ਸੀ ਅਤੇ ਵਿਚੋਲਾ ਵੀ ਉਹ ਹੀ ਲੈ ਕੇ ਆਏ ਸਨ। ਇਸ ਤੋਂ ਬਾਅਦ, ਮੇਰੇ ਬਾਪੂ ਜੀ ਨਾਲ ਜਾ ਕੇ ਮੁੰਡਾ ਵੀ ਉਨ੍ਹਾਂ ਨੂੰ ਪਸੰਦ ਆ ਗਿਆ ਸੀ। ਮੈਨੂੰ ਯਾਦ ਹੈ, ਉਨ੍ਹਾਂ ਨੇ ਸਾਡੇ ਘਰ ਆ ਕੇ ਦੱਸਿਆ ਸੀ, "ਬਹੁਤ ਤਕੜੇ ਬੰਦੇ ਨੇ, ਆਪਣੀ ਬਰਾਦਰੀ ਦੇ ਹੀ ਨੇ। ਅਨਾਜ ਦੀ ਕੋਈ ਥੋੜ੍ਹ ਨਹੀਂ ਅਤੇ ਨਾ ਪੈਸੇ ਜ਼ਮੀਨ ਦੀ। ਉਸ ਘਰ ਆਪਣੀ ਕੁੜੀ ਰਾਜ ਕਰੂਗੀ, ਕਿਉਂਕਿ ਮੁੰਡਾ ਇੱਕੋ ਇੱਕ ਹੈ ਉਨ੍ਹਾਂ ਦਾ ਅਤੇ ਸਭ ਕੁਝ ਉਸ ਦੇ ਹਿੱਸੇ ਆਉਣਾ ਹੈ।" ਇਸ ਲਈ ਮੇਰੇ ਬਾਪੂ ਜੀ ਅਤੇ ਵੀਰਾਂ ਨੇ ਜ਼ਿਆਦਾ ਨਖ਼ਰੇ ਨਾ ਕੀਤੇ ਅਤੇ ਰਿਸ਼ਤਾ ਪ੍ਰਵਾਨ ਹੋ ਗਿਆ। ਮੇਰੇ ਦੇਖਦੇ ਹੀ ਦੇਖਦੇ ਦੋਹਾਂ ਘਰਾਂ ਨੇ ਵਿਆਹ ਦਾ ਦਿਨ ਤੈਅ ਕਰ ਦਿੱਤਾ। ਬਰਾਤ ਧੂਮਧਾਮ ਨਾਲ ਸਾਡੇ ਵਿਹੜੇ ਆਈ ਸੀ, ਕਿੰਨੇ ਦਿਨ ਸਾਡੇ ਪਿੰਡ ਵਿੱਚ ਰੌਣਕਾਂ ਲੱਗੀਆਂ ਰਹੀਆਂ। ਮੈਂ ਤਾਂ ਕੁਝ ਜਾਣਦੀ ਵੀ ਨਹੀਂ ਸੀ ਕਿ ਵਿਆਹ ਕੀ ਹੁੰਦਾ ਹੈ? ਨਾ ਕਦੇ ਆਪਣੇ ਹੋਣ ਵਾਲੇ ਪਤੀ ਬਾਰੇ ਕਦੇ ਸੋਚਿਆ ਸੀ | ਸਿਰਫ ਲਾਵਾਂ ਦੇ ਵੇਲ਼ੇ ਮੈਨੂੰ ਮੇਰੀ ਸਹੇਲੀ ਜੈਨਬ ਨੇ  ਦੱਸਿਆ ਸੀ ਕਿ ਤੇਰਾ ਬਾਪੂ ਹਰ ਕਿਸੇ ਨੂੰ ਦੱਸ ਰਿਹਾ ,"ਮੁੰਡਾ ਜਗੀਰਦਾਰਾਂ ਦਾ ਏ, ਸ਼ਗਨਾਂ ਵਿਚ ਗਹਿਣਾ ਗੱਟਾ ਵੀ ਸੋਹਣਾ ਪਾ ਕੇ ਗਏ ਨੇ। ਸਾਨੂੰ ਕਿਸਮਤ ਨਾਲ਼ ਸਰਦਾ ਪੁਰਦਾ ਟੱਬਰ ਮਿਲ ਗਿਆ।" ਆਪਣੇ ਮਾਪਿਆ ਦੀ ਪਸੰਦ ਅਤੇ ਆਪਣੇ ਵਿਆਹ ਦੇ ਚਾਅ ਹੁੰਦਿਆਂ , ਮੈਂ ਆਪਣੇ  ਦਿਲ ਹੀ ਦਿਲ 'ਚ ਬਹੁਤ ਖ਼ੁਸ਼ ਹੋਈ।

ਵਿਆਹ ਤੋਂ ਬਾਅਦ, ਮੈਨੂੰ ਪਤਾ ਲੱਗਿਆ ਕਿ ਮੇਰਾ ਪਤੀ "ਬਿਸ਼ਨ ਚੰਦ" ਸ਼ਹਿਰ ਦਾ ਇੱਕ ਪੜ੍ਹਿਆ ਲਿਖਿਆ ਨੌਜਵਾਨ ਸੀ। ਉਹ ਮੇਰੇ ਤੋਂ ਉਮਰ ਵਿੱਚ ਅੱਠ ਸਾਲ ਵੱਡੇ ਸਨ ਅਤੇ ਸਾਰਾ ਕਾਰੋਬਾਰ ਉਹ ਹੀ ਸੰਭਾਲਦੇ ਸਨ। ਸਾਡਾ ਘਰ ਮਿੰਟਗੁੰਮਰੀ ਦੇ ਲਾਗੇ ਇੱਕਲੇ ਦੇ ਇਕ ਛੋਟੇ ਜਿਹੇ ਪਿੰਡ "ਸਾਹੀਵਾਲ " ਵਿੱਚ ਸੀ | ਮੇਰੇ ਪਤੀ ਏਸੇ ਇਲਾਕੇ ਵਿਚ ਇਕ ਜਗੀਰਦਾਰ ਸਨ | ਉਨ੍ਹਾਂ ਦਾ ਹਿਸਾਬ ਬਹੁਤ ਵਧੀਆ ਸੀ, ਲਾਗੇ ਦੇ ਪਿੰਡਾਂ ਦੇ ਕਈ ਲੋਕ ਉਨ੍ਹਾਂ ਕੋਲ ਆਪਣੀਆਂ ਬਹੀਆਂ ਲੈ ਕੇ ਆਉਂਦੇ ਅਤੇ ਉਹ ਉਨ੍ਹਾਂ ਦਾ ਕੰਮ ਸਮੇਂ ਸਿਰ ਕਰ ਦਿੰਦੇ। ਉਨ੍ਹਾਂ ਦੇ ਪਿਤਾ, ਯਾਨੀ ਕਿ ਮੇਰੇ ਸਹੁਰੇ, ਦੀ ਮੌਤ ਬਹੁਤ ਸਮਾਂ ਪਹਿਲਾਂ ਚੇਚਕ ਨਾਮ ਦੀ ਬਿਮਾਰੀ ਨਾਲ ਹੋ ਗਈ ਸੀ, ਫਿਰ ਬਿਸ਼ਨੇ ਨੂੰ ਸਾਰਾ ਕੰਮ ਖੁਦ ਸੰਭਾਲਣਾ ਪਿਆ। ਉਨ੍ਹਾਂ ਦਾ ਮਨ ਸੀ ਕਿ ਉਹ ਅੱਗੇ ਲਾਹੌਰ ਜਾ ਕੇ ਆਪਣੀ ਪੜ੍ਹਾਈ ਕਰਨ, ਪਰ ਆਪਣੇ ਪਿਤਾ ਦੀ ਮੌਤ ਅਤੇ ਘਰ ਦੀਆਂ ਹੋਰ ਜ਼ਿੰਮੇਵਾਰੀਆਂ ਕਾਰਨ ਉਹ ਅੱਗੇ ਪੜ੍ਹਾਈ ਨਾ ਕਰ ਸਕੇ। ਉਨ੍ਹਾਂ ਦੀ ਮਾਂ, ਯਾਨੀ ਕਿ ਮੇਰੀ ਸੱਸ, ਵੀ ਹੁਣ ਢਿੱਲੀ ਰਹਿੰਦੀ ਸੀ, ਘਰ ਸੰਭਾਲਣ ਲਈ ਉਨ੍ਹਾਂ ਨੂੰ ਇੱਕ ਸਮਝਦਾਰ ਕੁੜੀ ਚਾਹੀਦੀ ਸੀ। ਮੇਰਾ ਮਾਮਾ ਬਿਸ਼ਨੇ ਦੇ ਪਿਤਾ ਦਾ ਜਾਣੂ ਸੀ, ਇਸ ਲਈ ਮੇਰੇ ਘਰ ਦੇ ਬਿਨਾਂ ਕੋਈ ਪੁੱਛ ਪੜਤਾਲ ਕੀਤੇ ਵਿਆਹ ਲਈ ਝੱਟ ਮੰਨ ਗਏ। ਜਿਵੇਂ ਮਾਮੇ ਨੂੰ ਸਹੀ ਲੱਗਿਆ, ਉਨ੍ਹਾਂ ਨੇ ਕਰ ਦਿੱਤਾ। ਰੱਬ ਦੀ ਮਿਹਰ ਨਾਲ ਮੈਂ ਵੀ ਸੁੱਖੀ ਵੱਸਦੀ ਸੀ, ਮੈਨੂੰ ਕੋਈ ਪਰੇਸ਼ਾਨੀ ਨਹੀਂ ਸੀ, ਸਭ ਕੁਝ ਵਧੀਆ ਸੀ। ਸਾਰਿਆਂ ਦਾ ਸੁਭਾਅ ਬਹੁਤ ਹੀ ਹਸਮੁੱਖ ਸੀ। ਵਿਆਹ ਦੇ ਇੱਕ ਸਾਲ ਬਾਅਦ ਮੇਰਾ ਪਹਿਲਾ ਮੁੰਡਾ ਹੋਇਆ ਅਤੇ ਫਿਰ ਕੁਝ ਸਾਲਾਂ ਬਾਅਦ ਦੂਸਰਾ। ਅਸੀਂ ਬੜੇ ਚਾਵਾਂ ਨਾਲ ਵੱਡੇ ਮੁੰਡੇ ਦਾ ਨਾਮ "ਕੁਸ਼ਲ" ਤੇ ਦੂਜੇ ਦਾ "ਤੇਜਭਾਨ" ਰੱਖਿਆ ਸੀ | ਇਨ੍ਹਾਂ ਖੁਸ਼ੀਆਂ ਵਿੱਚ ਮੇਰੇ ਬੱਚੇ ਕਦੋਂ ਪਲ ਗਏ, ਪਤਾ ਹੀ ਨਾ ਲੱਗਿਆ। ਸਾਡਾ ਸਾਰਾ ਘਰ ਰੱਜਿਆ ਪੁੱਜਿਆ ਸੀ। ਪਰਮਾਤਮਾ ਦੀ ਕਿਰਪਾ ਨਾਲ ਸਾਨੂੰ ਕਦੇ ਵੀ ਕਿਸੇ ਚੀਜ਼ ਦੀ ਲੋੜ ਮਹਿਸੂਸ ਨਾ ਹੋਈ। ਮੈਂ ਇਹ ਕਹਿ ਸਕਦੀ ਹਾਂ ਕਿ ਇਹ ਸਾਡੇ ਪਰਿਵਾਰ ਦਾ ਬਹੁਤ ਹੀ ਵਧੀਆ ਸਮਾਂ ਸੀ। ਮੇਰੇ ਪਤੀ ਇੱਕ ਸਮਝਦਾਰ ਅਤੇ ਸੂਝਬੂਝ ਵਾਲੇ ਇਨਸਾਨ ਸਨ। ਉਹ ਵੀ ਮੈਨੂੰ ਬਹੁਤ ਪਿਆਰ ਕਰਦੇ ਸਨ। ਮੇਰੀ ਸੱਸ ਬੱਚੇ ਸੰਭਾਲ ਲੈਂਦੀ ਸੀ ਅਤੇ ਮੈਂ ਘਰ ਦਾ ਕੰਮ ਕਰ ਲੈਂਦੀ ਸੀ। ਜੇ ਕਿਤੇ ਫ਼ਸਲ ਕੱਟਣ ਦੇ ਸਮੇਂ ਕੰਮ ਵੱਧ ਜਾਂਦਾ, ਸਾਡੀ ਜੀਤੋ ਮਾਸੀ ਵੀ ਕੋਲ ਹੀ ਰਹਿੰਦੀ ਸੀ, ਉਹ ਚੁੱਲ੍ਹਾ ਚੌਂਕਾ ਸੰਭਾਲ ਲੈਂਦੀ ਅਤੇ ਮੈਂ ਹੋਰ ਕੰਮ ਕਰ ਲੈਂਦੀ ਸੀ।

ਪਰ ਜਿਵੇਂ ਕਹਿੰਦੇ ਹਨ ਕਿ ਹਰ ਕਿਸੇ ਦਾ ਵਧੀਆ ਸਮਾਂ ਨਹੀਂ ਰਹਿੰਦਾ, ਅਤੇ ਮੇਰੇ ਹਿਸਾਬ ਨਾਲ ਅੱਗੇ ਚੱਲ ਕੇ ਜੋ ਸਮਾਂ ਸਾਡੇ ਅਤੇ ਸਾਡੇ ਪਰਿਵਾਰ 'ਤੇ ਆਇਆ, ਪਰਮਾਤਮਾ ਕਰੇ ਕਿ ਭਵਿੱਖ ਵਿੱਚ ਕਿਸੇ 'ਤੇ ਵੀ ਨਾ ਆਵੇ।

ਅਚਾਨਕ ਕੁਝ ਦਿਨਾਂ ਤੋਂ ਡਰਾਉਣ ਵਾਲੀਆਂ ਖ਼ਬਰਾਂ ਸੁਣਨ ਨੂੰ ਮਿਲ ਰਹੀਆਂ ਸਨ, ਜੋ ਸੁਖਾਵੀਆਂ ਨਹੀਂ ਸਨ। ਸੁਣਨ ਵਿੱਚ ਆਇਆ ਕਿ ਰੈੱਡਕਲਿਫ ਨਾਮ ਦੇ ਇੱਕ ਗੋਰੇ ਨੇ ਹਿੰਦ-ਪਾਕ ਦੀ ਵੰਡ ਕਰਨ ਲਈ ਲੀਕ ਖਿੱਚ ਦਿੱਤੀ ਸੀ। ਜਿਸਦਾ ਸਾਫ਼ ਮਤਲਬ ਸੀ ਕਿ ਹਿੰਦੁਸਤਾਨ ਵਿੱਚ ਹੁਣ ਹਿੰਦੂ, ਸਿੱਖ ਅਤੇ ਬਾਕੀ ਧਰਮਾਂ ਦੇ ਲੋਕ ਜਦਕਿ ਪਾਕਿਸਤਾਨ ਵਿੱਚ ਸਿਰਫ਼ ਮੁਸਲਮਾਨ ਹੀ ਰਹਿਣਗੇ। ਪਾਕਿਸਤਾਨ ਮੁਸਲਮਾਨ ਲੋਕਾਂ ਦਾ ਇੱਕ ਆਜ਼ਾਦ ਮੁਲਕ ਹੋਵੇਗਾ। ਸਾਡੇ ਘਰ ਜਦੋਂ ਵੀ ਇਸ ਸਭ ਦੀ ਗੱਲ ਹੁੰਦੀ, ਬਿਸ਼ਨਾ ਇਹੀ ਕਹਿੰਦਾ ਹੁੰਦਾ ਸੀ, "ਇਹ ਕਿਵੇਂ ਹੋ ਜਾਵੇਗਾ, ਭਲਾ! ਨੌਂ ਮਾਸ ਵੀ ਕਦੇ ਵੱਖ ਹੋਏ ਨੇ। ਸਿਰਫ਼ ਕੁਝ ਦਿਨਾਂ ਦਾ ਰੌਲਾ ਹੈ, ਸਭ ਕੁਝ ਸਹੀ ਹੋ ਜਾਵੇਗਾ।"

ਮੈਨੂੰ ਨਹੀਂ ਸੀ ਪਤਾ ਕਿ ਉਹ ਸੱਚ ਕਹਿ ਰਿਹਾ ਸੀ ਜਾਂ ਸਿਰਫ਼ ਸਾਨੂੰ ਹੌਂਸਲਾ ਦੇਣ ਲਈ ਕਹਿ ਰਿਹਾ ਸੀ। ਇਹ ਬੋਲਦੇ ਹੋਏ ਉਸਦੇ ਮੱਥੇ 'ਤੇ ਡਰ ਦੀ ਲਕੀਰ ਮੈਂ ਸਾਫ਼-ਸਾਫ਼ ਵੇਖ ਸਕਦੀ ਸੀ। ਪਰ ਫਿਰ ਵੀ, ਉਸਦੇ ਅਜਿਹਾ ਬੋਲਣ ਨਾਲ ਹੀ ਅਸੀਂ ਚਿੰਤਾ ਮੁਕਤ ਹੋ ਕੇ ਰੋਟੀ ਖਾ ਲੈਂਦੇ ਸੀ ਅਤੇ ਇਸ ਤੋਂ ਬਾਅਦ ਪਰਮਾਤਮਾ ਦਾ ਚਿੰਤਨ ਕਰਕੇ ਸ਼ਾਂਤੀ ਨਾਲ ਸੌਂ ਵੀ ਜਾਂਦੇ ਸੀ। ਪਰ ਹਰ ਰੋਜ਼ ਹੁਣ ਇਹ ਖ਼ਬਰਾਂ ਆਮ ਨਸ਼ਰ ਹੋ ਰਹੀਆਂ ਸਨ ਕਿ ਹਿੰਸਾ ਅਤੇ ਝੜਪਾਂ ਵਿੱਚ ਮਾਸੂਮ ਲੋਕ ਆਪਣੀ ਜਾਨ ਗੁਆ ਰਹੇ ਸਨ। ਅਚਾਨਕ ਦੋ ਕੌਮਾਂ ਇਸ ਤਰ੍ਹਾਂ ਇੱਕ ਦੂਜੇ ਦੇ ਖ਼ੂਨ ਦੀਆਂ ਪਿਆਸੀਆਂ ਹੋ ਗਈਆਂ ਸਨ, ਜਿਵੇਂ ਸਾਰਾ ਭਾਈਚਾਰਾ ਕਿਸੇ ਨੇ ਛਿੱਕੇ ਟੰਗ ਦਿੱਤਾ ਹੋਵੇ। ਪਰ ਸ਼ੁਕਰ ਸੀ ਰੱਬ ਦਾ ਸਾਡੇ ਇਲਾਕੇ ਵਿੱਚ ਹਾਲੇ ਤੱਕ ਲੋਕਾਂ ਵਿੱਚ ਵਧੀਆ ਮਿਲਵਰਤਾਵ ਸੀ। ਕਈ ਵਾਰ ਸਾਡੇ ਘਰ ਬੈਠਕ ਵਿੱਚ ਬੈਠੇ ਪਿੰਡ ਦੇ ਮੋਹਤਬਰ ਬੰਦੇ ਗੱਲਾਂ ਕਰਦੇ ਸੁਣਾਈ ਦਿੰਦੇ ਸਨ ਅਤੇ ਮੇਰੇ ਖ਼ਾਵੰਦ ਨੂੰ ਕਹਿੰਦੇ ਸਨ, "ਜੇ ਆਪਣੇ ਪਿੰਡ ਫ਼ਸਾਦ ਹੋ ਗਏ ਜਗੀਰਦਾਰਾ! ਕੀ ਬਣੂ? ਕਿੱਥੇ ਜਾਵਾਂਗੇ ਟੱਬਰ ਨਾਲ? ਆਪਣੀਆਂ ਪੈਲੀਆਂ ਦਾ ਕੀ ਬਣੂ? ਸਾਡੇ ਬੱਚੇ ਮਰ ਜਾਣਗੇ, ਖ਼ਾਨਦਾਨੀ ਜਾਇਦਾਦ ਤੋਂ ਵਾਂਝੇ ਹੋ ਜਾਣਗੇ "

ਇਹ ਸਭ ਸੁਣ ਕੇ ਮੈਂ ਵੀ ਦਿਲ ਫੜ ਲੈਂਦੀ ਸੀ, ਜਿਵੇਂ ਮੇਰਾ ਸਾਹ ਰੁਕਦਾ ਜਾਂਦਾ ਸੀ, ਕਦੇ ਮੈਂ ਘਰ ਦੇਖਦੀ ਅਤੇ ਕਦੇ ਆਪਣੇ ਬੱਚਿਆਂ ਦੇ ਮੂੰਹ।

ਜਦੋਂ ਮੇਰਾ ਖ਼ਾਵੰਦ ਸ਼ਹਿਰ ਜਾਂਦਾ, ਅਖ਼ਬਾਰ ਪੜ੍ਹ ਆਉਂਦਾ ਸੀ ਜਿਸ ਵਿੱਚ ਇੱਕਾ ਦੁੱਕਾ ਘਟਨਾਵਾਂ ਦਾ ਜ਼ਿਕਰ ਹੁੰਦਾ ਸੀ। ਸਭ ਇਹੀ ਸੋਚਦੇ ਸਨ ਕਿ ਅੱਗੇ ਜਾ ਕੇ ਇਹ ਹਾਲਾਤ ਕਾਬੂ ਵਿੱਚ ਹੋ ਜਾਣਗੇ, ਪਰ ਕਿਸ ਤਰ੍ਹਾਂ? ਇਸਦਾ ਜਵਾਬ ਕਿਸੇ ਕੋਲ ਵੀ ਨਹੀਂ ਸੀ। ਇਹੀ ਖ਼ਦਸ਼ਾ ਲਗਾਤਾਰ ਬਣਿਆ ਹੋਇਆ ਸੀ ਕਿ ਕਿਹੜਾ ਇਲਾਕਾ ਕਿਸ ਹੱਦ ਵਿੱਚ ਆਵੇਗਾ। ਹਿੰਦੁਸਤਾਨ ਜਾਂ ਪਾਕਿਸਤਾਨ। ਫਿਰ ਅਚਾਨਕ ਇੱਕ ਦਿਨ ਪਿੰਡ ਵਿੱਚ ਚੌਂਕੀਦਾਰ ਨੇ ਹੋਕਾ ਦਿੱਤਾ ਕਿ ਸਭ ਸਮਾਨ ਸੰਭਾਲ ਲਓ ਅਤੇ ਤਿਆਰ ਰਹੋ, ਹਾਲਾਤ ਲਗਾਤਾਰ ਮਾੜੇ ਹੋ ਰਹੇ ਨੇ। ਖ਼ੂਨ ਖ਼ਰਾਬੇ ਤੋਂ ਬਚਣ ਲਈ ਜੇ ਲੋੜ ਪਈ ਤਾਂ ਹਿਜਰਤ ਲਈ ਤਿਆਰ ਰਹੋ ਸਾਰੇ। ਸਾਰਾ ਪਿੰਡ ਹਿੰਦੂਆਂ ਅਤੇ ਸਿੱਖਾਂ ਦਾ ਸੀ, ਬੱਸ ਕੁਝ ਘਰ ਹੀ ਮੁਸਲਮਾਨਾਂ ਦੇ ਸਨ। ਉਹ ਸਾਰੇ ਦਿਲ ਫੜੀ ਬੈਠੇ ਸਨ, ਇਹੀ ਸੋਚ ਸੀ ਕਿ ਜਵਾਨ ਧੀਆਂ ਦਾ, ਬੱਚਿਆਂ ਦਾ ਕੀ ਬਣੂ? ਬੀਬੀਆਂ ਦੀ ਸੁਰੱਖਿਆ ਦਾ ਕੀ ਬਣੂ? ਸਾਡੇ ਪਿੰਡ ਦੇ ਨੰਬਰਦਾਰ ਸੱਜਣ ਸਿੰਘ ਨੇ ਕਿਹਾ, "ਮੇਰੀ ਮੰਨੋ, ਇੱਥੇ ਹੀ ਟਿਕੇ ਰਹੋ! ਕੋਈ ਬਾਹਰੋਂ ਨਹੀਂ ਆਉਂਦਾ, ਜੇ ਕੁਝ ਹੋਇਆ ਵੀ ਤਾਂ ਸਭ ਇਕੱਠੇ ਹੋ ਕੇ ਮੁਕਾਬਲਾ ਕਰ ਲਵਾਂਗੇ।" ਸਾਰੇ ਲੋਕਾਂ ਨੇ ਹਾਮੀ ਭਰੀ, ਪਰ ਬਿਸ਼ਨੇ ਨੂੰ ਜਾਣਕਾਰੀ ਸੀ ਕਿ ਜੇ ਹਮਲਾ ਹੋਇਆ ਤਾਂ ਲੁੱਟ-ਖਸੁੱਟ ਹੋਊ ਤੇ ਜਾਨਾਂ ਦਾ ਨੁਕਸਾਨ ਵੀ ਬਹੁਤ ਹੋਵੇਗਾ। ਓਹਨਾਂ ਮੈਨੂੰ ਕਿਹਾ ਕਿ ਗਹਿਣੇ ਕੱਪੜੇ ਸਾਂਭ ਲੈ | ਆਪਾਂ ਨਿਕਲਣਾ ਏਥੋਂ ਪਟਿਆਲਾ (ਨ੍ਹਾਭ) ਜਾਣ ਲਈ , ਕਿਉਂਕਿ ਉੱਥੇ ਕੋਈ ਅਣਸੁਖਾਵੀਂ ਘਟਨਾ ਵਾਪਰੀ ਨਹੀਂ ਸੀ,ਸਭ ਸ਼ਾਂਤ ਸੀ। ਅਸੀਂ ਜਲਦੀ ਨਾਲ਼ ਗੱਡੇ 'ਚ ਸਮਾਨ ਲੱਦਿਆ ਤੇ ਤੁਰ ਪਏ। ਇਹ ਗੱਡਾ ਵੀ ਸਾਡਾ ਨਹੀਂ ਬਲਕਿ ਸਾਡੇ ਘਰ ਦੇ  ਨੇੜੇ ਵਸਦੇ ਇਕ ਪਰਿਵਾਰ ਦਾ ਸੀ , ਜਿਹਨਾਂ ਓਸ ਹਾਲਾਤਾਂ ਦੌਰਾਨ ਬਿਸ਼ਨੇ ਦੇ ਕਹਿਣ ਤੇ ਇਥੋਂ ਤੁਰਨ ਲਈ ਸਾਡੇ ਨਾਲ ਹਾਮੀ ਭਰੀ ਸੀ | ਇਹ ਨਹੀਂ ਕੇ ਅਸੀਂ ਇੱਕਲੇ ਸਾਂ | ਸਾਡੇ ਨਾਲ ਰਸਤੇ 'ਚ ਬਹੁਤ ਹੋਰ ਲੋਕੀ ਵੀ ਜਾ ਰਹੇ ਸਨ | ਤਾਂ ਅਸੀਂ ਵੀ ਓਹਨਾਂ ਨਾਲ਼ ਹੋ ਚੱਲੇ | ਸਭਨੂੰ ਉਮੀਦ ਆਹੀ ਸੀ ਕਿ ਰੌਲ਼ਾ ਰੱਪਾ ਕੁਝ ਦੇਰ ਦਾ ਹੈ, ਹੌਲੀ-ਹੌਲੀ ਸ਼ਾਂਤੀ ਹੋ ਜਾਵੇਗੀ ਅਤੇ ਫੇਰ ਸਾਰੇ ਆਪਣੇ ਘਰਾਂ ਨੂੰ ਵਾਪਿਸ ਆ ਜਾਣਗੇ। ਮੇਰਾ ਆਪਣਾ ਘਰ ਛੱਡਣ ਨੂੰ ਬਿਲਕੁਲ ਮਨ ਨਹੀਂ ਸੀ | ਮੈਨੂੰ ਯਾਦ ਹੈ ਓਹ ਵੇਹੜਾ ਮੇਰੇ ਘਰ ਦਾ ਅੱਜ ਵੀ ਸ਼ਾਯਦ ਕਿਧਰੇ ਮੈਨੂੰ ਹੀ ਬੁਲਾ ਰਿਹਾ ਹੈ | ਭਰੀਆਂ ਅੱਖਾਂ ਨਾਲ ਮੈਂ ਆਪਣੇ ਘਰ ਦੇ ਬਾਹਰ ਦੇ ਦਰਵਾਜੇ ਨੂੰ ਜਿੰਦਾ ਲਾਇਆ ਸੀ ਅਤੇ ਓਸ ਜਿੰਦਰੇ ਦੀ ਚਾਬੀ ਮੈਂ ਆਪਣੇ ਪੜੋਸ ਚ ਰਹਿੰਦੇ ਚਾਚਾ ਚਾਚੀ ਜੀ ਨੂੰ ਫੜਾਈ ਸੀ ਅਤੇ ਘਰ ਦੀ ਦੇਖ ਰੇਖ ਨੂੰ ਕਿਹਾ ਸੀ | ਮੈਨੂੰ ਹਾਲੇ ਵੀ ਆਹ ਇਕ ਉਮੀਦ ਸੀ ਕੇ ਅੱਗੇ ਜਾ ਕੇ ਮੈਂ ਇਥੇ ਆਪਣੇ ਪਰਿਵਾਰ ਨਾਲ ਵਾਪਿਸ ਜਰੂਰ ਆਵਾਂਗੀ | ਪਰ ਅੱਜ ਇਹ ਸਿਰਫ ਤੇ ਸਿਰਫ ਇਕ ਖ਼ਵਾਬ ਬਣ ਕੇ ਰਹਿ ਗਿਆ |

ਓਸ ਵਕ਼ਤ ਮਲੇਰਕੋਟਲਾ ਇਲਾਕੇ ਵੱਲ ਸ਼ਾਂਤੀ ਹੀ ਸੀ ਕਿਉਂਕਿ ਜੇ ਕੋਈ ਘਟਨਾ ਹੋਈ ਵੀ ਹੋਊ ਤਾਂ ਹਾਲੇ ਤੱਕ ਕੋਈ ਖ਼ਬਰ ਆਮ ਲੋਕਾਂ ਦੇ ਮੂੰਹ ਨਹੀਂ ਸੀ ਚੜੀ । ਏਸੇ ਵਜਹ ਕਰਕੇ ਅਸੀਂ ਤੁਰਦੇ ਰਹੇ | ਰਸਤੇ ਵਿਚ ਬਿਸ਼ਨੇ ਨਾਲ ਚਲਦਿਆਂ ਮੈਨੂੰ ਕਿਹਾ,"ਬਸ! ਕਿਸੇ ਤਰਾਂ ਇਹ ਅਸ਼ਾਂਤ ਰਸਤਾ ਪਾਰ ਹੋ ਜਾਵੇ, ਅੱਗੇ ਕੋਈ ਮਸਲਾ ਨੀਂ ਹੋਊ। ਬਸ ਤੂੰ ਸਮਾਨ ਦਾ ਧਿਆਨ ਰੱਖ ਤੇ ਜਵਾਕਾਂ ਦਾ ਵੀ।"

ਬਸ ਸਾਡੀ ਇਨੀ ਕੁ ਹੀ ਗੱਲਬਾਤ ਹੋਈ | ਜਵਾਕ ਮੇਰੇ ਨਾਲ ਲੱਗੇ ਵੇ ਸੁੱਤੇ ਪਏ ਸਨ, ਪਰ ਮੇਰਾ ਕਾਲਜਾ ਨਿੱਕਲ ਰਿਹਾ ਸੀ ਰਸਤੇ ਵਿਚ ਤੁਰਦੇ ਲੋਕਾਂ ਦਾ ਹਾਲ ਦੇਖ ਕੇ ਅਤੇ ਮਾਸੂਮਾਂ ਦੇ ਚਿਹਰੇ ਦੇਖ ਕੇ ਵੀ, ਜੋ ਪਤਾ ਨੀਂ ਕਿੰਨੇ ਭੁੱਖੇ ਤਿਹਾਏ ਸਨ। ਮੈਂ ਲੰਮਾ ਹੌਕਾ ਭਰਿਆ ਅਤੇ ਭਰੀਆਂ ਅੱਖਾਂ ਨਾਲ਼ ਵਾਟ ਮੁਕਾਉਂਦੀ ਹੋਈ ਮੰਜ਼ਿਲ ਨੂੰ ਉਡੀਕ ਰਹੀ ਸੀ। ਜਿਉਂ ਹੀ ਅਸੀਂ ਰਾਵਲਪਿੰਡੀ ਦੇ ਇਲਾਕੇ ਵੱਲ ਜਾ ਰਹੇ ਸੀ , ਸਾਨੂੰ ਲਗਾਤਾਰ ਉੱਚੀਆਂ ਹੇਕਾਂ ਸੁਣਾਈ ਦਿੱਤੀਆਂ "ਪਾਕਿਸਤਾਨ ਜ਼ਿੰਦਾਬਾਦ," "ਲੇਕਰ ਰਹੇਂਗੇ ਪਾਕਿਸਤਾਨ, ਜੈਸੇ ਲੀਆ ਥਾ ਹਿੰਦੁਸਤਾਨ"। ਇਹ ਸਭ ਸੁਣ ਕੇ ਸਾਡਾ ਦਿਲ ਜ਼ੋਰ-ਜ਼ੋਰ ਨਾਲ਼ ਵੱਜਣ ਲੱਗਾ ਅਤੇ ਅਸੀਂ ਵਾਪਿਸ ਪਰਤਣ ਬਾਰੇ ਸੋਚਣ ਲੱਗੇ। ਅਸੀਂ ਸਾਰੀ ਰਾਤ ਫ਼ੇਰ ਸਫ਼ਰ ਕੀਤਾ ਤਾਂ ਕਿ ਅਸੀਂ ਮਿੰਟਗੁਮਰੀ ਦੇ ਸ਼ਰਨਾਰਥੀ ਕੈਂਪ ਤੱਕ ਪਹੁੰਚ ਸਕੀਏ। ਅਸੀਂ ਰਸਤੇ ਵਿਚ ਰਾਹਗੀਰਾਂ ਤੋ ਇਹਦੇ ਬਾਰੇ ਸੁਣਿਆ ਸੀ | ਪਰ ਰਸਤਾ ਖ਼ਰਾਬ ਹੋਣ ਕਾਰਨ ਅਤੇ ਲੁਕ ਛਿਪ ਕੇ ਜਾਣ ਕਾਰਨ ਦੇਰ ਲੱਗ ਰਹੀ ਸੀ | ਅਸੀਂ ਜਲਦੀ ਤੋਂ ਜਲਦੀ ਇਹ ਰਸਤਾ ਪਾਰ ਕਰਨਾ ਚਾਹੁੰਦੇ ਸੀ। ਫੇਰ ਇੱਕ ਥਾਂ ਰੁਕ ਕੇ ਜਵਾਕਾਂ ਨੂੰ ਮਾੜਾ ਮੋਟਾ ਖਵਾਇਆ , ਜੋ ਪੱਲੇ ਬੰਨ੍ਹਿਆਂ ਸੀ , ਸੁੱਕੀ ਰੋਟੀ ਅਤੇ ਪਾਣੀ , ਪਰ ਮੇਰੇ ਗਲ਼ੇ ਹੇਠ ਕੁਝ ਨਹੀਂ ਨਿਗਲਿਆ, ਮੈਂਨੂੰ ਬਸ ਮੇਰੇ ਜਵਾਕਾਂ ਦੀ ਫ਼ਿਕਰ ਹੋ ਰਹੀ ਸੀ ਅਤੇ ਇੱਕੋ ਦੁਆ ਸੀ ਕੇ ਅਸੀਂ ਸਾਰੇ ਕੱਠੇ ਹੀ ਰਹੀਏ। ਮੇਰੀ ਸਿਹਤ ਵੀ ਥੋੜ੍ਹੀ ਢਿੱਲੀ ਸੀ ਟੋਏ ਟਿੱਬੇ ਪਾਰ ਕਰਦਿਆਂ ਮੇਰਾ ਸ਼ਰੀਰ ਆਕੜ ਚੁੱਕਿਆ ਸੀ ਅਤੇ ਦਿਲ ਕਰਦਾ ਸੀ ਥੋੜਾ ਲੇਟ ਲਿਆ ਜਾਵੇ, ਇੱਕ ਜੀਅ ਮੇਰੇ ਢਿੱਡ ਵਿੱਚ ਸਾਹ ਜੌਂ ਲੈਅ ਰਿਹਾ ਸੀ | ਹਾਂਜੀ , ਓਸ ਦੌਰਾਨ ਮੈਂ ਪੇਟ ਤੋਂ ਸੀ ਅਤੇ ਸਿਰਫ ਬਿਸ਼ਨੇ ਨੂੰ ਵੀ ਇਸ ਗੱਲ ਦਾ ਪਤਾ ਸੀ | ਬਾਕੀ ਇਹਨਾਂ ਹਾਲਾਤਾਂ ਵਿਚ ਕਿਸੇ ਹੋਰ ਨੂੰ ਦੱਸਣ ਦਾ ਵਕ਼ਤ ਹੀ ਨਾ ਲੱਗਾ | ਪਰ ਹੁਣ ਰਾਹ ਵਿਚ ਰੁਕਣੇ ਦਾ ਖ਼ਤਰਾ ਵੱਡਾ ਸੀ ਅਤੇ ਬਿਸ਼ਨਾ ਇਹੋ ਗੱਲ ਬਾਰ-ਬਾਰ ਸਮਝਾ ਰਿਹਾ ਸੀ ਮੈਨੂੰ।

ਮੈਂ ਔਖੀ ਸੌਖੀ ਪੀੜ ਸਹਾਰਦੀ ਆਪਣੀ ਮੰਜ਼ਿਲ ਦੇ ਇੰਤਜਾਰ 'ਚ ਟਿਕਟਿਕੀ ਲਗਾ ਕੇ ਬੈਠੀ ਸੀ। ਦੋਨੋਂ ਮਾਸੂਮ ਮੇਰੇ ਗਲ਼ ਨਾਲ਼ ਡਰ

ਕੇ ਚਿੰਬੜੇ ਪਏ ਸਨ ਅਤੇ ਸ਼ਾਇਦ ਉਹ ਵੀ ਸਮਝ ਚੁੱਕੇ ਸਨ ਕੇ ਮੁਸੀਬਤ ਸੱਚੀਂ ਕੋਈ ਵੱਡੀ ਹੀ ਹੈ। ਰਾਤ ਹੋਈ ਅਤੇ ਰਾਤ ਦਾ ਹਨੇਰਾ ਦੇਖ ਕੇ ਉਹ ਸਹਿਮ ਰਹੇ ਸਨ | ਪੂਰੀ ਗੱਲ ਓਹਨਾ ਦੋਹਾਂ ਦੇ ਸਮਝ ਤੋਂ ਪਰੇ ਦੀ ਹੀ ਸੀ| ਫੇਰ ਵੀ ਓਹਨਾ ਨੇ ਹੋਰ ਕੁੱਛ ਨੀਂ ਪੁੱਛਿਆ। ਹੁਣ ਅਸੀਂ ਕੱਚਾ ਰਸਤਾ ਪਾਰ ਕਰਕੇ ਸੜਕ ਤੇ ਆ ਗਏ ਤਾਂ ਕੁਝ ਦੂਰੀ ਤੇ ਇਕ ਸ਼ਰਨਾਰਥੀ ਕੈਂਪ ਦਿਸਿਆ| ਜਿਨਾਂ 'ਚ ਚਹਿਲ ਪਹਿਲ ਲੱਗ ਰਹੀ ਸੀ | ਇਹ ਸਭ ਵੇਖ ਮਸਾਂ ਸਾਡੀ ਜਾਨ ਵਿਚ ਜਾਨ ਆਈ ਅਤੇ ਅਸਾਂ ਰੱਬ ਦਾ ਸ਼ੁਕਰ ਅਦਾ ਕੀਤਾ। ਗੱਡੇ ਤੋਂ ਉਤਰ ਕੇ ਅਸੀਂ ਅਤੇ ਸਾਡੇ ਨਾਲ ਜਿਹੜੇ ਵੀਰ ਜੀ ਦੇ ਪਰਿਵਾਰ ਦੇ ਲੋਕ ਸਨ , ਅਸੀਂ ਸਾਰੇ ਹੀ ਹੋਰ ਸ਼ਰਨਾਰਥੀਆਂ ਨਾਲ਼ ਰਲ਼ ਅੱਗੇ ਵਧਣ ਲੱਗੇ। ਕੈਂਪ 'ਚ ਸਭ ਪਾਸੇ ਨਜ਼ਰ ਦੌੜਾਈ ਤਾਂ ਸਾਨੂੰ ਸਿਰਫ਼ ਮੁਸਲਮਾਨ ਜਵਾਕ ਹੀ ਦਿਸੇ ਜਿਨਾਂ ਦੇ ਘਰਦੇ ਮਾਰੇ ਜਾ ਚੁੱਕੇ ਸਨ ਜਾਂ ਵਿਛੜ ਚੁੱਕੇ ਸਨ। ਹਮਲਾਵਰਾਂ ਨੇ ਉਹ ਛੱਡ ਦਿੱਤੇ ਸਨ ਸ਼ਾਇਦ ਉਨਾਂ ਤੋਂ ਕੋਈ ਖ਼ਤਰਾ ਨੀਂ ਸੀ। ਸਾਡੇ ਸਫ਼ਰ ਦਾ ਪੜਾਅ ਸਨਾਤਨ ਧਰਮ ਮੰਦਿਰ ਕੈਂਪ ' ਪੁੱਜਣਾ ਸੀ ਤੇ ਬਾਅਦ ਚ ਅਸੀਂ ਸਟੇਸ਼ਨ ਜਾਣਾ ਸੀ। ਕੁਝ ਦਿਨ ਅਸੀਂ ਇਥੇ ਹੀ ਰਹੇ, ਸਾਡੇ ਕੋਲ਼ ਖਾਣ ਪੀਣ ਨੂੰ ਕੁਝ ਨੀਂ ਸੀ ਤਾਂ ਕੈਂਪ ਜੋ ਮਿਲਦਾ ਖਾ ਲੈਂਦੇ | ਜਿਆਦਾ ਪਰੇਸ਼ਾਨੀ ਨਿੱਕੇ ਜਵਾਕਾਂ ਦੀ ਸੀ , ਜਿਨਾਂ ਨੂੰ ਬੁੱਕਲ ਚ ਸਾਂਭ ਮਾਵਾਂ ਹੌਂਕੇ ਭਰ ਰਹੀਆਂ ਸਨ। ਹੁਣ ਮੈਂ ਵੀ ਓਹਨਾਂ ਵਿਚੋਂ ਇਕ ਸੀ | ਸਾਨੂੰ ਬਾਅਦ ਵਿਚ ਖ਼ਬਰ ਮਿਲੀ ਸੀ ਕਿ ਸਾਡੇ ਇਲਾਕੇ ਮਿੰਟਗੁਮਰੀ 'ਚ ਜੋ ਹਿੰਦੂ ਸਿੱਖ ਰਹਿ ਗਏ ਸਨ , ਓਹਨਾਂ ਵਿਚੋਂ ਬਹੁਤ ਲੋਕ ਮਾਰੇ ਗਏ ਨੇ,| ਜਿਸ ਦਿਨ ਅਸੀਂ ਨਿਕਲੇ ਸਾਂ, ਉਸੀ ਰਾਤ ਨੂੰ ਮੁਸਲਮਾਨਾਂ ਦੀ ਧਾੜ ਨੇ ਹਮਲਾ ਕਰ ਦਿੱਤਾ। ਪਹਿਲਾਂ ਤਾਂ ਥੋੜੇ ਜੇ ਹੀ ਹਮਲਾ ਕਰਨ ਆਏ ਸਨ, ਪਰ ਸਾਹਮਣੇ ਤੋਂ ਕਰਾਰਾ ਜਵਾਬ ਮਿਲਣ ਕਾਰਨ ਉਹ ਮੁੜ ਗਏ। ਤੜਕ ਸਾਰ ਹੀ ਸਾਡਾ ਫ਼ੈਸਲਾ ਸਹੀ ਸੀ ਮਿੰਟਗੁਮਰੀ ਛੱਡਣ ਦਾ, ਜੇ ਅਸੀਂ ਵੀ ਨਾ ਆਉਂਦੇ ਤਾਂ ਅਸੀਂ ਸਾਰੇ ਮਾਰੇ ਜਾਂਦੇ। ਉੱਥੇ ਕਈ ਬੀਬੀਆਂ ਨੇ ਖ਼ੁਦਕੁਸ਼ੀ ਕਰ ਲਈ ਅਤੇ ਜਵਾਨ ਧੀਆਂ ਨੂੰ ਜ਼ਹਿਰ ਦੇ ਦਿੱਤਾ ਤਾਂ ਕਿ ਉਨ੍ਹਾਂ ਦੀ ਪੱਤ ਨਾ ਰੁਲੇ। ਬਹੁਤ ਖ਼ੌਫ਼ਨਾਕ ਰਾਤ ਸੀ, ਕੁਝ ਪਲਾਂ ਵਿੱਚ ਹੀ ਸਭ ਕੁਝ ਖ਼ਤਮ ਹੋ ਗਿਆ। ਜ਼ਮੀਨਾਂ ਤੇ ਜਾਇਦਾਦਾਂ ਦੇ ਵਾਰਿਸ ਹੀ ਨਾ ਬਚੇ ਤੇ ਅਸੀਂ ਆਪਣੀ ਜਾਨ ਬਚਾਉਣ ਲਈ ਮਾਰੇ-ਮਾਰੇ ਫਿਰ ਰਹੇ ਸੀ। ਹੁਣ ਤੱਕ ਸਾਡੇ ਚਿਹਰੇ ਮੁਰਝਾ ਚੁੱਕੇ ਸਨ ਅਤੇ ਬਸ ਉਮੀਦ ਹੀ ਸੀ ਕਿ ਸਾਡੀ ਉਮਰ ਲੰਬੀ ਹੋਵੇਗੀ, ਇਹੀ ਸੋਚਦਿਆਂ ਅੱਖਾਂ ਵਿੱਚੋਂ ਅੱਥਰੂ ਵਗ ਰਹੇ ਸਨ।

ਹੁਣ ਮੈਂ ਉਹੀ ਪੁਰਾਣੀਆਂ ਯਾਦਾਂ ਵਿੱਚ ਜੀਅ ਰਹੀ ਸੀ ਅਤੇ ਕਦੇ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਸੋਚਣ ਲੱਗਦੀ। ਸਾਡੇ ਲੋਕ ਜੋ ਮਰ ਗਏ ਸਨ ਉਨ੍ਹਾਂ ਦਾ ਦੁੱਖ ਅੱਖਾਂ ਸੁੱਕਣ ਨਹੀਂ ਸੀ ਦੇ ਰਿਹਾ ਅਤੇ ਇੱਧਰ ਸਾਡੀ ਖ਼ੁਦ ਦੀ ਜਾਨ 'ਤੇ ਬਣੀ ਰਹਿੰਦੀ ਸੀ, ਕਰੀਏ ਤਾਂ ਕੀ ਕਰੀਏ? ਇੱਕ ਵਾਰ ਜਦੋਂ ਮੇਰਾ ਵੱਡਾ ਮੁੰਡਾ ਮੇਰੀ ਗੋਦ ਵਿੱਚ ਸਿਰ ਰੱਖ ਕੇ ਸੌਣ ਦੀ ਜ਼ਿੱਦ ਕਰਨ ਲੱਗਿਆ, ਜਦਕਿ ਮੈਂ ਕੁੱਖ ਵਿੱਚ ਪਲਦੇ ਜੀਅ ਕਰਕੇ ਔਖੀ ਹੋ ਰਹੀ ਸੀ, ਤਾਂ ਮੈਨੂੰ ਆਪਣਾ ਪਹਿਲਾ ਬੱਚਾ ਯਾਦ ਆਇਆ। ਸਾਰੇ ਪਿੰਡ ਵਿੱਚ ਲੱਡੂ ਵੰਡੇ ਸਨ, ਘਰ ਹਲਵਾਈ ਲਗਾਇਆ ਸੀ। ਰਿਸ਼ਤੇਦਾਰ ਕਿੰਨੇ ਦਿਨ ਬੈਠੇ ਰਹੇ ਸਨ। ਨਾਨਕਿਆਂ ਨੇ ਛੂਛਕ ਵਿੱਚ ਕਿੰਨੇ ਸਾਰੇ ਕੱਪੜੇ ਤੇ ਪੰਜੀਰੀ ਲਿਆ ਕੇ ਦਿੱਤੀ ਸੀ। ਮੇਰੀ ਸੱਸ ਨੇ ਕਿੰਨੀਆਂ ਸੌਗਾਤਾਂ ਦੀ ਗਠੜੀ ਬੰਨ੍ਹ ਕੇ ਉਨ੍ਹਾਂ ਨੂੰ ਵਾਪਸ ਤੋਰਿਆ ਸੀ। ਉਸ ਸਮੇਂ ਸੁੱਖ ਨਾਲ ਕੰਮ-ਕਾਰ ਵੀ ਚੋਟੀ 'ਤੇ ਸੀ। ਬਿਸ਼ਨੇ ਨੇ ਪੰਡਤਾਂ ਨੂੰ ਦਾਨ ਦੀ ਰੱਜ ਕੇ ਭੇਂਟ ਦਿੱਤੀ ਸੀ। ਉਸ ਸਮੇਂ ਜੋ ਵੀ ਸਾਡੇ ਘਰ ਆਇਆ, ਖਾਲੀ ਹੱਥ ਨਹੀਂ ਗਿਆ। ਕਿੰਨੇ ਹੀ ਚਾਵਾਂ ਨਾਲ ਅਸੀਂ ਇਨ੍ਹਾਂ ਨੂੰ ਪਾਲਿਆ। ਅਸੀਂ ਸੋਚਦੇ ਰਹੇ ਕਿ ਇਸੇ ਸਾਲ ਇਸਨੂੰ ਸਕੂਲ ਪਾ ਦਈਏ, ਹਾਲੇ ਤੱਕ ਤਾਂ ਪਿੰਡ ਦੇ ਮਾਸਟਰ ਕੋਲ ਹੀ ਥੋੜ੍ਹੀ ਦੇਰ ਬਹਿ ਆਉਂਦਾ ਸੀ। ਬਿਸ਼ਨੇ ਨੇ ਸੋਚਿਆ ਸੀ ਕਿ ਜਦੋਂ ਇਹ ਵੱਡਾ ਹੋਵੇਗਾ ਤਾਂ ਇਹਦੀ ਪੜ੍ਹਾਈ ਨਹੀਂ ਰੁਕਣ ਦੇਵੇਗਾ, ਜਿਵੇਂ ਉਨ੍ਹਾਂ ਦੀ ਰੁਕੀ। ਅਸੀਂ ਬੇਫ਼ਿਕਰੇ ਜਿਹੇ ਹੋ ਕੇ ਜ਼ਿੰਦਗੀ ਜੀਅ ਰਹੇ ਸੀ ਅਤੇ ਸਾਨੂੰ ਕੀ ਪਤਾ ਇਹੋ ਜਿਹੇ ਸਮੇਂ ਵਿੱਚੋਂ ਨਿਕਲਣਾ ਪਵੇਗਾ।

ਸਮਿਆਂ ਦੇ ਵਹਾਅ ਕਦੋਂ ਰੁਕੇ ਨੇ, ਇਹ ਪਾਣੀ ਵਾਂਗ ਵਹਿੰਦਾ ਹੀ ਰਹਿੰਦਾ ਹੈ। ਇਸਦਾ ਵਹਾਅ ਸਾਨੂੰ ਹੋਰ ਹੀ ਪਾਸੇ ਰੋੜ੍ਹ ਕੇ ਲੈ ਗਿਆ, ਜਿਸ ਵਿੱਚ ਡੁੱਬਣ ਤੋਂ ਵੀ ਡਰ ਲੱਗਦਾ ਸੀ ਅਤੇ ਤੈਰਨਾ ਫਿਲਹਾਲ ਮੁਮਕਿਨ ਨਹੀਂ ਸੀ। ਮੈਂ ਇਹੀ ਸੋਚ ਰਹੀ ਸੀ ਕਿ ਬੰਦਾ ਵੱਡਾ ਨਹੀਂ ਸਮਾਂ ਬਲਵਾਨ ਹੁੰਦਾ, ਜੋ ਧਰਤੀ ਦੀਆਂ ਹੱਦਾਂ-ਸਰਹੱਦਾਂ ਤੈਅ ਕਰਦਾ ਤੇ ਇਸਦੇ ਨਕਸ਼ੇ ਤੱਕ ਬਦਲਣ ਦਾ ਦਮ ਰੱਖਦਾ ਹੈ। ਫਿਲਹਾਲ ਅਸੀਂ ਲੋਕਾਂ ਦੇ ਰਹਿਮੋ ਕਰਮ 'ਤੇ ਜੀਅ ਰਹੇ ਸੀ, ਜਦਕਿ ਕਿਸੇ ਸਮੇਂ ਸਾਡਾ ਆਪਣਾ ਰਾਜ-ਭਾਗ ਸੀ। ਬਸ ਇਹੀ ਝੋਰਾ ਦਿਲ ਨੂੰ ਵੱਢ-ਵੱਢ ਖਾਂਦਾ ਪਿਆ ਸੀ। ਅਸੀਂ ਆਸੇ ਪਾਸੇ ਦੇ ਲੋਕਾਂ ਵੱਲ ਵੇਖੀਏ, ਤਾਂ ਅਜਿਹਾ ਲੱਗੇ ਕਿ ਅਸੀਂ ਨਹੀਂ, ਸਾਡੇ ਵਰਗੇ ਅਨੇਕਾਂ ਹੋਰ ਲੋਕ ਵੀ ਨੇ ਜਿਨ੍ਹਾਂ ਸਾਡੇ ਤੋਂ ਵੀ ਵੱਧ ਔਕੜਾਂ ਦਾ ਸਾਹਮਣਾ ਕੀਤਾ ਹੋਣਾ। ਅਸੀਂ ਤਾਂ ਚਲੋ ਹਾਲੇ ਪਰਿਵਾਰ ਦੇ ਨਾਲ ਹੀ ਸਨ, ਪਰ ਬਹੁਤੇ ਇੱਥੇ ਆਪਣੇ ਪਰਿਵਾਰ ਤੋਂ ਹਮੇਸ਼ਾ ਹਮੇਸ਼ਾ ਲਈ ਅਲੱਗ ਹੋ ਚੁੱਕੇ ਸਨ। ਉਨ੍ਹਾਂ ਲੋਕਾਂ ਦੀ ਪੀੜ ਕੌਣ ਸਮਝੇ ਜਿਨ੍ਹਾਂ ਆਪਣੀਆਂ ਅੱਖਾਂ ਸਾਹਮਣੇ ਹੀ ਅਪਣਿਆਂ ਨੂੰ ਮਰਦੇ ਵੇਖਿਆ ਹੋਣਾ।

ਕੈਂਪ ਵਿੱਚ ਅਸੀਂ ਸੁਰੱਖਿਅਤ ਵੀ ਸੀ ਅਤੇ ਨਹੀਂ ਵੀ। ਕੈਂਪ ਤੋਂ ਸਟੇਸ਼ਨ ਦੀ ਦੂਰੀ ਥੋੜ੍ਹੀ ਸੀ ਪਰ ਸਾਡੀ ਹਾਲੇ ਵੀ ਹਿੰਮਤ ਨਾ ਪੈਂਦੀ ਸੀ

ਕਿ ਅਸੀਂ ਇਸ ਕੈਂਪ ਨੂੰ ਛੱਡ ਕੇ ਅੱਗੇ ਵਧੀਏ। ਪਰ ਤੁਰਨਾ ਸਾਡੀ ਮਜਬੂਰੀ ਸੀ। ਬਿਸ਼ਨੇ ਨੂੰ ਖ਼ਬਰ ਸੀ ਕਿ ਲਾਗੇ ਇੱਕ ਹੋਰ ਕੈਂਪ ਵੀ ਸੀ, ਜਿਸ ਉੱਤੇ ਪਿਛਲੀ ਰਾਤੀਂ ਹਮਲਾ ਹੋਇਆ ਅਤੇ ਸ਼ਰਨਾਰਥੀਆਂ ਨੂੰ ਉੱਥੋਂ ਖਦੇੜਿਆ ਗਿਆ। ਕਈ ਲੋਕਾਂ ਦੀ ਉੱਥੇ ਜਾਨ ਵੀ ਜਾ ਚੁੱਕੀ ਸੀ। ਇਹੀ ਡਰ ਸਾਨੂੰ ਸਤਾ ਰਿਹਾ ਸੀ ਕਿ ਅਗਰ ਇੱਥੇ ਵੀ ਅਜਿਹਾ ਕੁਝ ਵਾਪਰਿਆ ਤਾਂ?

ਹੁਣ ਕੈਂਪ ਤੋਂ ਸਟੇਸ਼ਨ ਤੱਕ ਦੀ ਦੂਰੀ ਥੋੜ੍ਹੀ ਹੀ ਰਹਿ ਗਈ ਸੀ ਅਤੇ ਜਿੰਨੀ ਜਲਦੀ ਹੋ ਸਕੇ ਇੱਥੋਂ ਨਿਕਲਣਾ ਸੀ। ਇਸੇ ਕੈਂਪ ਵਿੱਚ ਕੁਝ ਦਿਨ ਮਿਲਟਰੀ ਦੀ ਉਡੀਕ ਕੀਤੀ ਤਾਂ ਜੋ ਉਹ ਸਾਨੂੰ ਸਹੀ ਸਲਾਮਤ ਸਟੇਸ਼ਨ 'ਤੇ ਪਹੁੰਚਾ ਦੇਣ। ਪਰ ਉਨ੍ਹਾਂ ਦੇ ਨਾ ਪਹੁੰਚਣ 'ਤੇ ਅਸੀਂ ਅਤੇ ਸਾਡੇ ਵਾਂਗ ਕਈ ਹੋਰ ਲੋਕਾਂ ਨੇ ਸਟੇਸ਼ਨ ਵੱਲ ਨੂੰ ਇਕੱਲਿਆਂ ਤੁਰਨ ਦਾ ਨਿਰਣਾ ਲਿਆ। ਤੁਰਨ ਤੋਂ ਪਹਿਲਾਂ ਬਿਸ਼ਨੇ ਨੇ ਇੱਕ ਹੋਰ ਬੰਦੇ ਦੀ ਮਦਦ ਨਾਲ ਕੈਂਪ ਵਿੱਚੋਂ ਇੱਕ ਅੰਗਰੇਜ਼ੀ ਰਾਈਫਲ ਚੁੱਕ ਲਈ ਸੀ ਤਾਂ ਜੇਕਰ ਰਸਤੇ ਵਿੱਚ ਕੋਈ ਹਮਲਾ ਹੋਵੇ ਤਾਂ ਅਸੀਂ ਇਸਦੀ ਵਰਤੋਂ ਨਾਲ ਉੱਥੋਂ ਨਿਕਲ ਸਕੀਏ। ਸਭ ਕੁਝ ਕਰਨ ਮਗਰੋਂ ਅਸੀਂ ਬਹੁਤ ਵੱਡੇ ਕਾਫ਼ਿਲੇ ਦਾ ਹਿੱਸਾ ਬਣੇ ਤਾਂ ਕਿ ਅੱਗੇ ਸੁਰੱਖਿਅਤ ਰਿਹਾ ਜਾ ਸਕੇ। ਪਰ ਲੁਕਦੇ ਲੁਕਾਉਂਦੇ ਜਿਵੇਂ ਹੀ ਅਸੀਂ ਸਟੇਸ਼ਨ ਦੇ ਨੇੜੇ ਪਹੁੰਚੇ ਤਾਂ ਉੱਥੇ ਦਾ ਦ੍ਰਿਸ਼ ਹੀ ਬਹੁਤ ਡਰਾਉਣਾ ਸੀ। ਹਰ ਪਾਸੇ ਖ਼ੂਨ ਤੇ ਲਾਸ਼ਾਂ ਦੇ ਸੱਥਰ ਵਿਛੇ ਹੋਏ ਸਨ, ਕਿਸੇ ਦੀ ਉਂਗਲੀ, ਕਿਸੇ ਦੇ ਸਰੀਰ ਦੀ ਕੱਟ ਵੱਢ ਕਰਕੇ ਸੁੱਟਿਆ ਹੋਇਆ ਸੀ। ਲੋਕਾਂ ਦੇ ਕੱਪੜੇ, ਸਮਾਨ ਦੂਰ-ਦੂਰ ਤੱਕ ਖਿੱਲਰੇ ਹੋਏ ਸਨ। ਇਹ ਸਾਰਾ ਕੁਝ ਦੇਖ ਕੇ ਸਾਡਾ ਤ੍ਰਾਹ ਨਿਕਲ ਗਿਆ। ਮੇਰਾ ਰੋਣਾ ਬੰਦ ਨਹੀਂ ਸੀ ਹੋ ਰਿਹਾ। ਮੇਰੇ ਬੱਚੇ ਡਰ ਕੇ ਚੀਕ ਰਹੇ ਸਨ, ਮੈਂ ਜਲਦੀ ਨਾਲ ਉਨ੍ਹਾਂ ਦੀਆਂ ਅੱਖਾਂ 'ਤੇ ਆਪਣੀ ਚੁੰਨੀ ਉਤਾਰ ਕੇ ਬੰਨ੍ਹ ਦਿੱਤੀ ਤਾਂ ਕਿ ਉਹ ਸ਼ਾਂਤ ਹੋ ਜਾਣ ਤੇ ਇਹ ਜਗ੍ਹਾ ਪਾਰ ਹੋ ਜਾਵੇ।

ਫਿਰ ਜਦੋਂ ਅਸੀਂ ਸਟੇਸ਼ਨ ਦੇ ਅੰਦਰ ਵੜੇ ਤਾਂ ਸਾਡੇ 'ਤੇ ਇੱਕਦਮ ਹਮਲਾ ਕੀਤਾ ਗਿਆ। ਅਸੀਂ ਜਲਦੀ ਨਾਲ ਪਿੱਛੇ ਨੂੰ ਦੌੜੇ, ਬਿਸ਼ਨੇ ਦੇ ਸਾਥੀ ਕੋਲ ਇੱਕ ਰਾਈਫਲ ਸੀ ਤਾਂ ਉਸਨੇ ਬਚਾਅ ਲਈ ਗੋਲੀਆਂ ਚਲਾ ਦਿੱਤੀਆਂ, ਜਿਸ ਨਾਲ ਕੁਝ ਹਮਲਾਵਰ ਜ਼ਖ਼ਮੀ ਹੋਏ। ਗੋਲੀ ਚੱਲਣ ਦੀ ਆਵਾਜ਼ ਸੁਣ ਮੇਰੀ ਰੂਹ ਕੰਬ ਗਈ। ਮੇਰੇ ਬੱਚੇ ਤਾਂ ਹਾਲੇ ਵੀ ਸਹਿਮੇ ਹੋਏ ਸੀ। ਹਮਲਾਵਰ ਫਿਲਹਾਲ ਭੱਜ ਤਾਂ ਗਏ ਸਨ ਪਰ ਉਨ੍ਹਾਂ ਦਾ ਕੀ ਪਤਾ ਕਿ ਉਹ ਹੁਣ ਕਿਵੇਂ ਹਮਲਾ ਕਰਨ। ਮੈਂ ਆਪਣੇ ਛੋਟੇ ਮੁੰਡੇ ਨੂੰ ਆਪਣੀ ਕੁੱਛੜ ਚੁੱਕਿਆ ਹੋਇਆ ਸੀ ਅਤੇ ਵੱਡਾ ਮੁੰਡਾ ਬਿਸ਼ਨੇ ਨੇ ਫੜਿਆ ਹੋਇਆ ਸੀ।

ਅਸੀਂ ਆਪਣੇ ਕੱਪੜੇ ਸਮਾਨ ਸਭ ਉੱਥੇ ਹੀ ਛੱਡ ਆਏ। ਫਿਰ ਅਚਾਨਕ ਦੋ ਹੋਰ ਗੋਲੀਆਂ ਚੱਲਣ ਦੀ ਆਵਾਜ਼ ਆਈ। ਇਸਦੇ ਬਾਅਦ ਮੈਂ ਵੇਖਿਆ ਕਿ ਬਿਸ਼ਨੇ ਦੇ ਮੋਢੇ ਤੇ ਲੱਤ ਤੇ ਗੋਲੀਆਂ ਲੱਗੀਆਂ ਤੇ ਉਹ ਜ਼ਖ਼ਮੀ ਹੋ ਕੇ ਉੱਥੇ ਹੀ ਡਿੱਗ ਪਿਆ। ਇਹ ਸਭ ਵੇਖ ਕੇ ਮੇਰਾ ਰੋਣਾ ਨਿਕਲ ਗਿਆ, ਮੇਰੇ ਅੰਦਰੋਂ ਧਾਹ ਨਿਕਲੀ। ਮੈਨੂੰ ਕੁਝ ਵੀ ਸੁੱਝ ਨਹੀਂ ਰਿਹਾ ਸੀ। ਮੇਰਾ ਵੱਡਾ ਮੁੰਡਾ ਵੀ ਉਨ੍ਹਾਂ ਨਾਲ ਥੱਲੇ ਡਿੱਗ ਗਿਆ ਸੀ ਅਤੇ ਉਸਦੇ ਪੈਰ 'ਤੇ ਵੀ ਮੋਚ ਆ ਗਈ ਸੀ। ਮੈਂ ਆਪਣੇ ਪਤੀ ਦੀ ਮਦਦ ਕਰਨ ਦੀ ਬਹੁਤ ਕੋਸ਼ਿਸ਼ ਕੀਤੀ। ਮੈਂ ਜਿਵੇਂ ਕਿਵੇਂ ਕਰਕੇ ਉਸਨੂੰ ਚੁੱਕਿਆ ਤੇ ਉੱਥੋਂ ਨਿਕਲਣ ਦੀ ਕੋਸ਼ਿਸ਼ ਕੀਤੀ, ਜਿਸ ਵਿੱਚ ਕਾਮਯਾਬ ਨਾ ਹੋਈ ਤੇ ਪਿੱਛੋਂ ਕਿਸੇ ਨੇ ਮੇਰੇ ਲੱਕ ਵਿੱਚ ਛੁਰਾ ਮਾਰਿਆ। ਮੈਂ ਖ਼ੂਨ ਨਾਲ ਲੱਥਪੱਥ ਉੱਥੇ ਹੀ ਡਿੱਗੀ ਰਹੀ। ਮੇਰੇ ਖ਼ੂਨ ਜ਼ਿਆਦਾ ਵਗਣ ਕਾਰਨ ਬੇਹੋਸ਼ੀ ਦੀ ਹਾਲਤ ਵਿੱਚ ਸੀ, ਉਸ ਸਮੇਂ ਵੀ ਮੈਨੂੰ ਮੇਰੇ ਬੱਚਿਆਂ ਦੀ ਫਿਕਰ ਸੀ, ਜੋ ਉੱਥੇ ਰੋ ਰਹੇ ਸੀ ਤੇ ਸਹਿਮੇ ਹੋਏ ਸਨ। ਮੇਰੀਆਂ ਅੱਖਾਂ ਸਾਹਵੇਂ ਸਭ ਧੁੰਦਲਾ ਸੀ। ਮੈਨੂੰ ਯਾਦ ਹੈ ਕਿ ਮੇਰੇ ਵੱਡੇ ਬੇਟੇ ਦੇ ਮੱਥੇ ਕਿਸੇ ਨੇ ਰਾਡ ਮਾਰੀ ਸੀ | ਮੱਥੇ ਤੇ ਸੱਟ ਲਗਣ ਕਾਰਨ ਮੇਰਾ ਮੁੰਡਾ ਓਥੇ ਹੀ ਡਿੱਗ ਪਿਆ | ਫੇਰ ਓਹ ਮੇਰੇ ਦੂਸਰੇ ਮੁੰਡੇ ਵੱਲ ਵਧੇ ਪਰ ਓਹਨਾ ਵਿੱਚੋ ਇੱਕ ਹਮਲਾਵਾਰ ਨੂੰ ਸ਼ਾਯਦ ਮੇਰੇ ਛੋਟੇ ਮੁੰਡੇ ਦੀ ਉਮਰ ਵੇਖ ਕੇ ਤਰਸ ਆ ਗਿਆ ਸੀ | ਓਹਨੇ ਰਹਿਮ ਖਾ ਕੇ ਬੱਚੇ ਨੂੰ ਮਾਰਨ ਤੋਂ ਮਨ੍ਹਾ ਕੀਤਾ ਸੀ ਜਦਕਿ ਦੂਸਰਾ ਹਮਲਾਵਾਰ ਮੇਰੇ ਛੋਟੇ ਮੁੰਡੇ ਵੱਲ ਨੂੰ ਵੱਧ ਰਿਹਾ ਸੀ | ਇਹਦੇ ਬਾਅਦ ਮੈਨੂੰ ਦਿਖਣਾ ਹੀ ਬੰਦ ਹੋ ਗਿਆ|

ਜਦ ਮੈਨੂੰ ਹੋਸ਼ ਆਇਆ ਤਾਂ ਮੈਂ ਆਪਣੇ ਬੱਚਿਆਂ ਨੂੰ ਮੇਰੇ ਕੋਲ ਬੈਠੇ ਪਾਇਆ, ਵੱਡੇ ਬੇਟੇ ਦਾ ਬੈੱਡ ਮੇਰੇ ਬੈੱਡ ਕੋਲ ਹੀ ਸੀ, ਉਸਦੇ ਸਿਰ 'ਤੇ ਪੱਟੀ ਹੋਈ ਸੀ। ਮੈਂ ਡਾਕਟਰ ਨੂੰ ਪੁੱਛਿਆ, "ਮੇਰੇ ਬੱਚੇ ਦੇ ਸਿਰ 'ਤੇ ਸੱਟ ਲੱਗਣ ਕਾਰਨ ਕੋਈ ਖ਼ਤਰਾ ਤਾਂ ਨਹੀਂ ਜਾਂ ਫਿਰ ਦਿਮਾਗ਼ 'ਤੇ ਅਸਰ ਤਾਂ ਨਹੀਂ ਪਿਆ? , ਤੇ ਮੇਰਾ ਛੋਟਾ ਮੁੰਡਾ , ਓਹ ਕਿੱਥੇ ਹੈ ?"

ਫੇਰ ਉਨ੍ਹਾਂ ਕਿਹਾ, "ਮੇਰੇ ਦੋਵੇਂ ਬੱਚੇ ਸਹੀ ਸਲਾਮਤ ਹਨ ਪਰ.........।"

ਇੰਨਾ ਕਹਿ ਕੇ ਉਹ ਚੁੱਪ ਕਰ ਗਏ ਤਾਂ ਮੈਂ ਪੁੱਛਿਆ "ਪਰ ਕੀ?"

ਉਨ੍ਹਾਂ ਕਿਹਾ, "ਮਾਫ਼ ਕਰਨਾ ਅਸੀਂ ਤੁਹਾਡੇ ਅਣਜੰਮੇ ਬੱਚੇ ਨੂੰ ਨਹੀਂ ਬਚਾ ਸਕੇ।"

ਮੇਰੇ ਕੋਲ ਬੋਲਣ ਲਈ ਲਫ਼ਜ਼ ਨਹੀਂ ਸਨ, ਬਸ ਇੰਨਾ ਹੀ ਕਹਿ ਸਕੀ ਕਿ " ਤੇ ਮੇਰੇ ਪਤੀ?"

"ਉਹ ਵੀ ਰੱਬ ਨੂੰ ਪਿਆਰੇ ਹੋ ਗਏ।"

ਉਨ੍ਹਾਂ ਦਾ ਜਵਾਬ ਸੁਣ ਮੈਂ ਫਿਰ ਬੇਹੋਸ਼ ਹੋ ਗਈ ਸੀ। ਮੇਰੇ ਕੋਲ ਏਨੀ ਸਹਿਣਸ਼ੀਲਤਾ ਨਹੀਂ ਸੀ ਕਿ ਉਹ ਸਭ ਸਹਿਣ ਕਰ ਸਕਦੀ।

ਮੈਨੂੰ ਬਾਅਦ ਵਿਚ ਪਤਾ ਲੱਗਿਆ , ਓਸ ਦਿਨ ਇਸ ਘਟਨਾਕ੍ਰਮ ਦੌਰਾਨ ਮਿਲਟਰੀ ਆ ਗਈ ਸੀ। ਜੋ ਵੀ ਉੱਥੇ ਹਿੰਦੂ ਸਿੱਖ ਮੌਜੂਦ ਸੀ ਉਨ੍ਹਾਂ ਨੂੰ ਬਚਾ ਲਿਆ ਗਿਆ। ਬਾਕੀ ਮੈਨੂੰ ਯਾਦ ਨਹੀਂ ਕਿ ਮੈਨੂੰ ਤੇ ਮੇਰੇ ਬੱਚਿਆ ਨੂੰ ਕਿਵੇਂ ਤੇ ਕਿਸਨੇ ਹਸਪਤਾਲ ਲਿਆਂਦਾ ਸੀ। ਮਿਲਟਰੀ ਆਈ ਸੀ ਤੇ ਭੀੜ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ | ਓਹਨਾ ਹਵਾਈ ਫਾਇਰ ਵੀ ਕੀਤੇ ਤਾਂ ਕਿ ਲੋਕ ਸ਼ਾਂਤ ਹੋ ਜਾਣ। ਬਹੁਤ ਸਾਰੇ ਲੋਕਾਂ ਦੀ ਜਾਨ ਬਚਾਈ ਗਈ ਤੇ ਉਨ੍ਹਾਂ ਨੂੰ ਸੁਰੱਖਿਅਤ ਥਾਂ 'ਤੇ ਠਹਿਰਾਇਆ। ਸਾਡੀਆਂ ਅੱਖਾਂ ਦੇ ਸਾਹਮਣੇ ਮੁੱਠਭੇੜ ਵਿੱਚ 60-70 ਦੇ ਕਰੀਬ ਲੋਕ ਮਾਰੇ ਗਏ, ਹਰ ਪਾਸੇ ਕੱਟ ਵੱਢ ਹੀ ਦਿਖਾਈ ਦਿੰਦੀ ਸੀ। ਹਮਲਾਵਰਾਂ ਨੇ ਸਾਡੀ ਵੀ ਕੁੱਟਮਾਰ ਕੀਤੀ ਜਿਸ ਕਰਕੇ ਮੇਰੇ ਢਿੱਡ ਵਿੱਚ ਪਲ ਰਿਹਾ ਜੀਅ ਵੀ ਨਾ ਬਚਿਆ। ਕੁੱਟਮਾਰ ਕਾਰਨ ਮੇਰੀ ਹਾਲਤ ਖ਼ਰਾਬ ਹੋ ਗਈ ਸੀ ਤੇ ਮੈਨੂੰ ਹੋਸ਼ ਹਸਪਤਾਲ ਵਿੱਚ ਜਾ ਕੇ ਹੀ ਆਇਆ, ਪਰ ਜਦ ਤੱਕ ਮੇਰਾ ਬੱਚਾ ਮਰ ਚੁੱਕਾ ਸੀ। ਹੁਣ ਸ਼ਾਇਦ ਮੇਰੇ ਵਿੱਚ ਰੋਣ ਦੀ ਹਿੰਮਤ ਨਹੀਂ ਸੀ ਬਚੀ, ਮੈਂ ਬਸ ਚੁੱਪਚਾਪ ਸਰੀਰਕ ਤੇ ਮਾਨਸਿਕ ਪੀੜ ਸਹਿ ਰਹੀ ਸੀ। ਮੇਰਾ ਖ਼ਾਵੰਦ ਬਿਸ਼ਨਾ ਮਰ ਚੁੱਕਾ ਸੀ ਤੇ ਮੇਰਾ ਬੱਚਾ ਵੀ, ਹੁਣ ਮੈਂ ਤੇ ਮੇਰੇ ਦੋਵੇਂ ਮੁੰਡੇ ਬਚ ਗਏ ਸੀ, ਹੁਣ ਜ਼ਿੰਦਗੀ ਵਿੱਚ ਪਤਾ ਨਹੀਂ ਕੀ ਕੀ ਵਾਪਰਨਾ ਸੀ, ਬਸ ਇਹੀ ਹਿਸਾਬ ਕਿਤਾਬ ਕਰਦੀ ਦੀ ਅੱਖ ਲੱਗ ਗਈ, ਇੰਨੇ ਦਿਨਾਂ ਦੀ ਬੇਅਰਾਮੀ ਨੇ ਮੇਰੀ ਜਾਨ ਕੱਢ ਰੱਖੀ ਸੀ।

ਹੌਲੀ-ਹੌਲੀ ਜ਼ਿੰਦਗੀ ਪਟੜੀ 'ਤੇ ਆਉਣ ਲੱਗੀ ਸੀ, ਮੈਂ ਬੱਚਿਆਂ ਨਾਲ ਅੰਮ੍ਰਿਤਸਰ ਤੋਂ ਰਾਵਲਪਿੰਡੀ ਆਪਣੇ ਪੇਕੇ ਆ ਗਈ, ਇੱਥੇ ਸਾਨੂੰ 6 ਏਕੜ ਜ਼ਮੀਨ ਅਲਾਟ ਹੋਈ ਜਦਕਿ ਅਸੀਂ ਮਿੰਟਗੁਮਰੀ 20-25 ਏਕੜ ਛੱਡ ਆਏ ਸਾਂ। ਫਿਰ ਅਸੀਂ ਰਾਵਲਪਿੰਡੀ ਤੋਂ ਹੁਸ਼ਿਆਰਪੁਰ ਆ ਗਏ। ਬਹੁਤ ਵਾਰ ਸੋਚਦੇ ਸੀ ਕਿ ਮੁੜ ਕੇ ਆਪਣੇ ਪਿੰਡ ਜਾਵਾਂਗੇ ਪਰ ਹੁਣ ਇਹ ਆਸ ਵੀ ਮੁੱਕ ਚੁੱਕੀ ਸੀ। ਨਵੀਂ ਜ਼ਿੰਦਗੀ ਦੀ ਉਸਾਰੀ ਫਿਰ ਤੋਂ ਹੋਣੀ ਸੀ ਜੋ ਮੈਨੂੰ ਇਕੱਲੀ ਨੂੰ ਕਰਨੀ ਪੈਣੀ ਸੀ ਕਿਉਂਕਿ ਇੱਕ ਵਿਧਵਾ ਔਰਤ ਲਈ ਜ਼ਿੰਦਗੀ ਜੀਣੀ ਵੀ ਜੰਗ ਬਣ ਜਾਂਦੀ ਹੈ। ਅਕਸਰ ਮੈਂ ਦੁਖੀ ਹੋ ਕੇ ਆਪਣੇ ਆਪ ਨੂੰ ਤੇ ਕਦੇ ਸਮੇਂ ਨੂੰ ਬਹੁਤ ਕੋਸਦੀ ਸੀ। ਇਹੀ ਭੰਬਲਭੂਸੇ ਵਿੱਚ ਦਿਨ ਨਿਕਲ ਰਹੇ ਸਨ ਤੇ ਮੈਂ ਖੇਤਾਂ ਵਿੱਚ ਕੰਮ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ, ਸਿਰਫ਼ ਆਪਣੇ ਬੱਚਿਆਂ ਦੇ ਢਿੱਡ ਭਰਨ ਲਈ ਤੇ ਉਨ੍ਹਾਂ ਦੇ ਬਿਹਤਰ ਭਵਿੱਖ ਦੀ ਆਸ ਵਿੱਚ, ਬਾਕੀ ਰੱਬ 'ਤੇ ਭਰੋਸਾ ਵੀ ਸੀ ਕਿ ਹੋਰ ਵਧੀਕੀ ਨਹੀਂ ਹੋਣ ਦੇਵੇਗਾ। ਹੁਣ ਇਸ ਹੁਸ਼ਿਆਰਪੁਰ ਦੇ ਇਲਾਕੇ ਵਿੱਚ ਕੋਈ ਵੀ ਮੁਸਲਮਾਨ ਵਸੋਂ ਨਹੀਂ ਸੀ ਬਚੀ, ਕੁਝ ਕੁ ਮਾਰੇ ਗਏ ਹੋਣਗੇ ਤੇ ਬਾਕੀ ਹਿਜਰਤ ਕਰ ਗਏ ਹੋਣਗੇ ਹਾਲਾਂਕਿ ਉਨ੍ਹਾਂ ਦੀਆਂ ਮਸਜਿਦਾਂ ਸਹੀ ਸਲਾਮਤ ਖੜ੍ਹੀਆਂ ਸਨ। ਹੁਣ ਇਹ ਸਾਰਾ ਇਲਾਕਾ ਹਿੰਦੂ-ਸਿੱਖ ਬਹੁਗਿਣਤੀ ਦਾ ਸੀ। ਕਈ ਵਾਰ ਸੋਚਦੀ ਸੀ ਕਿ ਅਸੀਂ ਪੈਲੀਆਂ ਦੇ ਮਾਲਿਕ ਸੀ, ਜੀਪ ਦੀ ਸਵਾਰੀ ਸੀ ਤੇ ਹੁਣ ਅਸੀਂ ਮਜ਼ਦੂਰਾਂ ਵਾਂਗ ਕੰਮ ਕਰਨ ਲਈ ਬੇਬਸ ਸੀ ਤੇ ਸਾਡੇ ਆਉਣ ਜਾਣ ਦੇ ਸਾਧਨ ਗੱਡੇ ਹੀ ਬਚੇ ਸਨ।

ਸਾਡੇ ਪੱਲੇ ਕੁਝ ਨਾ ਬਚਿਆ ਤੇ ਪੈਸੇ ਧੇਲੇ ਵੱਲੋਂ ਅਸੀਂ ਕੰਗਾਲੀ ਦੀ ਕਗਾਰ 'ਤੇ ਆ ਗਏ ਸੀ, ਜਿਸਦਾ ਇੱਕੋ ਕਾਰਨ ਦੇਸ਼ ਦੀ ਵੰਡ ਸੀ।

ਹੁਸ਼ਿਆਰਪੁਰ ਆਉਣ ਤੋਂ ਬਾਅਦ ਅਸੀਂ ਇੱਥੇ ਰਚ ਬਸ ਗਏ ਸੀ ਪਰ ਬੱਚੇ ਅਕਸਰ ਆਪਣੇ ਪਿਓ ਨੂੰ ਯਾਦ ਕਰਕੇ ਰੋਂਦੇ ਸੀ, ਸਾਡਾ ਘਰ, ਮੁਹੱਲਾ, ਖੇਤ ਪੈਲੀਆਂ ਸਭ ਕੁਝ ਹੀ ਪਿੱਛੇ ਰਹਿ ਗਿਆ ਸੀ। ਕਈ ਵਾਰ ਅਸੀਂ ਰਾਤ ਨੂੰ ਇੱਕਦਮ ਚੀਕ ਕੇ ਉੱਠਦੇ ਸੀ, ਉਹੀ ਭਿਆਨਕ ਦ੍ਰਿਸ਼ ਸੁਪਨਿਆਂ ਵਿੱਚ ਦਿਖਾਈ ਦਿੰਦੇ ਸਨ ਜੋ ਕਿ ਕੁਝ ਦੇਰ ਲਈ ਉਸੇ ਥਾਂ 'ਤੇ ਲੈ ਜਾਂਦੇ ਸਨ।

ਕਈ ਵਾਰ ਬੱਚਿਆਂ ਨੂੰ ਰੋਂਦਿਆਂ ਵੇਖ ਕੇ ਮੇਰੇ ਦਿਲ ਵਿੱਚ ਹੌਲ ਪੈਂਦੇ ਸੀ ਤੇ ਮੈਂ ਸੋਚਦੀ, "ਹਾਏ ਰੱਬਾ! ਕਿਸ ਜਨਮ ਦੇ, ਕਿਸ ਪਾਪ ਦਾ ਹਰਜਾਨਾ ਸਾਨੂੰ ਮਿਲਿਆ, ਇੰਨੇ ਡਾਜ਼ਖ਼ਮ ਤੇ ਦਰਦ! ਕਦ ਸੂਤ ਆਵੇਗਾ ਇਹ ਸਮਾਂ ਤੇ ਸਾਡੀ ਜ਼ਿੰਦਗੀ ਦਾ ਰੌਲਾ-ਰੱਪਾ ਸ਼ਾਂਤ ਹੋਵੇਗਾ?" ਬੱਚਿਆਂ ਨੂੰ ਉਹੀ ਕੱਟੇ ਵੱਢੇ ਹੋਏ ਹੱਥ ਪੈਰ ਦਿਖਾਈ ਦਿੰਦੇ ਸਨ ਤੇ ਕਈ ਵਾਰ ਉਹ ਉਹੀ ਸਭ ਕੁਝ ਦੁਹਰਾਉਣ ਲੱਗਦੇ ਸੀ। ਮੈਂ ਗਲ਼ ਲਗਾ ਕੇ ਉਨ੍ਹਾਂ ਨੂੰ ਵਰ੍ਹਾਉਂਦੀ ਸੀ ਤੇ ਸਭ ਕੁਝ ਭੁੱਲ ਜਾਣ ਬਾਰੇ ਅਕਸਰ ਕਹਿੰਦੀ ਸੀ। ਕੁਝ ਸਾਲ ਇਹ ਸਿਲਸਿਲਾ ਲਗਾਤਾਰ ਚਲਦਾ ਰਿਹਾ, ਮੈਂ ਖ਼ੁਦ ਬਹੁਤ ਸਹਿਮ ਜਾਂਦੀ ਸੀ ਜਦ ਵੀ ਕੋਈ ਸੁਪਨਾ ਵੇਖਦੀ ਤੇ ਉਸ ਵਿੱਚ ਖ਼ੂਨ-ਖ਼ਰਾਬਾ, ਲੋਥਾਂ ਵੇਖ ਮੇਰੀ ਧੜਕਣ ਤੇਜ਼ ਹੋ ਜਾਂਦੀ ਸੀ ਤੇ ਬਹੁਤ ਦੇਰ ਬਾਅਦ ਮੈਂ ਆਪਣੇ ਹੋਸ਼ ਵਿੱਚ ਆਉਂਦੀ ਸੀ। ਬੱਚਿਆਂ ਦਾ ਪਾਲਣ-ਪੋਸ਼ਣ ਕਰਨਾ ਵੀ

ਮੇਰੇ ਸਿਰ ਹੀ ਸੀ, ਮੈਂ ਖੇਤਾਂ ਦੇ ਕੰਮ ਵੀ ਕੀਤੇ ਤਾਂ ਕਿ ਦੋਵੇਂ ਪੜ੍ਹ-ਲਿਖ ਜਾਣ। ਵੱਡਾ ਮੁੰਡਾ ਖੇਤੀ ਦਾ ਕੰਮ ਦੇਖਣ ਲੱਗਾ ਤੇ ਛੋਟਾ ਮੁੰਡਾ ਮੋਟਰ ਮਕੈਨਿਕ ਬਣ ਗਿਆ, ਜ਼ਿੰਦਗੀ ਥੋੜ੍ਹੀ ਸੌਖੀ ਜਿਹੀ ਜਾਪਣ ਲੱਗੀ ਤੇ ਪੈਸੇ ਧੇਲੇ ਪਾਸੋਂ ਕੁਝ ਸਾਹ ਆਇਆ। ਆਪਣਾ ਘਰ ਬਾਰ ਬਣਾਇਆ ਤੇ ਬੱਚਿਆਂ ਦਾ ਵਿਆਹ ਕੀਤਾ।

ਸਭ ਕੁਝ ਵਧੀਆ ਹੀ ਹੋ ਰਿਹਾ ਸੀ, ਮੈਂ ਆਪਣੇ ਪੋਤੇ-ਪੋਤੀਆਂ ਨੂੰ ਪਾਲਿਆ ਤੇ ਘਰ ਦੀ ਸਾਰੀ ਜ਼ਿੰਮੇਦਾਰੀ ਨਿਭਾਈ। ਹਰ ਤਿਥ-ਤਿਹਾਰ 'ਤੇ ਬਿਸ਼ਨਾ ਯਾਦ ਆਉਂਦਾ ਸੀ ਕਿ ਜੇ ਉਹ ਹੁੰਦਾ ਉਹ ਵੀ ਬੱਚਿਆਂ ਦੇ ਮੂੰਹ ਵੇਖ ਲੈਂਦਾ, ਪਰ ਉਸਦੀ ਕਿਸਮਤ ਵਿੱਚ ਇਹ ਸਭ ਕੁਝ ਨਹੀਂ ਸੀ। ਇਹੀ ਸੋਚ-ਸੋਚ ਕੇ ਮੈਂ ਧਾਹਾਂ ਮਾਰਦੀ ਤੇ ਸਮੇਂ ਨੂੰ ਕੋਸਦੀ ਰਹਿੰਦੀ ਸੀ। ਹੌਲੀ-ਹੌਲੀ ਉਹੀ ਪਿੰਡ ਆਪਣਾ ਲੱਗਣ ਲੱਗ ਗਿਆ ਤੇ ਆਂਢ ਗੁਆਂਢ ਨਾਲ ਵਧੀਆ ਮੇਲ ਮਿਲਾਪ ਹੋ ਗਿਆ। ਹੁਣ ਜ਼ਿਆਦਾ ਔਖਾ ਨਹੀਂ ਸੀ ਲੱਗਦਾ ਇੱਥੇ ਰਹਿਣਾ ਤੇ ਹੌਲੀ-ਹੌਲੀ ਜਵਾਨ ਕੁੜੀਆਂ ਨੂੰ ਕਢਾਈ ਸਿਲਾਈ ਸਿਖਾ ਦਿੰਦੀ ਸੀ, ਵਧੀਆ ਗੁਜ਼ਾਰਾ ਹੋ ਜਾਂਦਾ ਸੀ। ਇਸ ਨਾਲ ਮਨ ਲੱਗਿਆ ਰਹਿੰਦਾ ਤੇ ਬੁਰੇ ਸਮੇਂ ਦੇ ਫੱਟ ਹੁਣ ਘੱਟ ਪੀੜ ਕਰਦੇ ਸੀ। ਹੁਣ ਜਿਵੇਂ ਦਿਲ 'ਤੇ ਫੱਟ ਤੇ ਦਰਦ ਘੱਟ, ਪਰ ਨਿਸ਼ਾਨ ਬਾਕੀ ਬਚੇ ਹੋਏ ਸੀ। ਅੱਜ ਵੀ ਬਿਸ਼ਨੇ ਦੀ ਜਗੀਰਦਾਰੀ ਤੇ ਆਪਣਾ ਸੁਨਹਿਰਾ ਸਮਾਂ ਮੈਂ ਯਾਦ ਕਰਦੀ ਹਾਂ, ਸਭ ਕੁਝ ਹੈ ਬਸ ਮੇਰਾ ਓਹ ਖੁਸ਼ੀਆਂ ਵਾਲਾ ਘਰ ਨਹੀਂ ਮਿਲਿਆ। ਕਈ ਵਾਰ ਬਸ ਇਹੀ ਅਫ਼ਸੋਸ ਕਰਦੀ ਹਾਂ ਆਪਣੀ ਕਿਸਮਤ ਨੂੰ, ਬਾਕੀ ਸਭ ਰੱਬ ਦੇ ਰੰਗ ਨੇ, ਉਹੀ ਜਾਣਦਾ ਹੈ |

A perfect Soryteller

penned by - –

ਗਗਨਦੀਪ ਸ਼ੁਕਲਾ

ਹਿਤੇਸ਼ ਕੁਮਾਰ ਮੁਟਰੇਜਾ